# 50

# ਯਰੂਸ਼ਲਮ ਨੂੰ ਜਾਣਾ

## ਬਾਈਬਲ ਪਾਠ# 20

VI. ਤੀਜੇ ਪਸਾਹ ਤੋਂ ਯਿਸੂ ਦਾ ਬੈਤਅਨੀਆ ਵਿਚ ਆਉਣ ਤਕ (ਚੱਲਦਾ)।

ਛ. ਗਲੀਲ ਵਿਚ ਆਖ਼ਰੀ ਸਿੱਖਿਆ: ਭਾਈਆਂ ਵਿਚਕਾਰ ਮੁਸ਼ਕਿਲਾਂ (ਮੱਤੀ 18: 15–35)।

ਝ. ਸੇਵਕਾਈ ਬਦਲ ਕੇ ਯਹੂਦੀਆ ਵਿਚ ਚਲੀ ਜਾਂਦੀ ਹੈ (ਵੇਖੋ ਯੂਹੰਨਾ 7: 1; ਮੱਤੀ 19: 1)।

1. ਯਿਸੂ ਨੂੰ ਉਹਦੇ ਭਾਈਆਂ ਵੱਲੋਂ ਡੇਰਿਆਂ ਜਾਂ ਤੰਬੂਆਂ ਦੇ ਪਰਬ ਵਿਚ ਜਾਣ ਲਈ ਜ਼ੋਰ (ਯੂਹੰਨਾ 7:2–9)।
2. ਯਿਸੂ ਦਾ ਖ਼ਾਮੋਸ਼ੀ ਨਾਲ ਯਰੂਸ਼ਲਮ ਵਿਚ ਜਾਣਾ (ਲੂਕਾ 9: 51–56; ਯੂਹੰਨਾ 7: 10)।
3. ਰਾਹ ਵਿਚ: ਚੇਲੇ ਬਣਨ ਤੇ ਸਿੱਖਿਆ (ਲੂਕਾ 9: 57–62)।

ਜ. ਯਰੂਸ਼ਲਮ ਵਿਚ: ਡੇਰਿਆਂ ਦਾ ਪਰਬ

1. ਪਰਬ ਦੇ ਦੌਰਾਨ: ਹੈਕਲ ਵਿਚ ਸਿੱਖਿਆ ਦੇਣਾ (ਯੂਹੰਨਾ 7: 11–36)।
2. ਪਰਬ ਦੇ ਆਖ਼ਰੀ ਦਿਨ ਜ਼ਿੰਦਗੀ ਦੇ ਪਾਣੀ ਤੇ ਸਿੱਖਿਆ (ਯੂਹੰਨਾ 7: 37–52)।
3. ਪਰਬ ਦੇ ਬਾਅਦ: ਵਧੀਕ ਸਿੱਖਿਆ।

ੳ. ਵਿਭਚਾਰ ਕਰਦੀ ਫੜੀ ਗਈ ਔਰਤ (ਯੂਹੰਨਾ 7: 53–8: 11)।

## ਜਾਣ ਪਛਾਣ

ਸੱਚਾਈ ਭਰਪੂਰ ਇਹ ਅਧਿਐਨ ਤਬਦੀਲੀ ਦਾ ਪਾਠ ਹੈ, ਜਿਸ ਵਿਚ ਮਹਾਨ ਗਲੀਲੀ ਸੇਵਕਾਈ ਦੇ ਅਖ਼ੀਰ ਤੋਂ ਫ਼ਲਿਸਤੀਨ ਦੇ ਸਭ ਹਿੱਸਿਆਂ ਵਿਚ ਸੇਵਕਾਈ ਦੇ ਖਤਮ ਹੋਣ ਦੀ ਸ਼ੁਰੂਆਤ ਦੀ ਗੱਲ ਮਿਲਦੀ ਹੈ।[1] ਇਹ ਆਖ਼ਰੀ ਸੇਵਕਾਈ ਡੇਰਿਆਂ ਦੇ ਪਰਬ ਤੋਂ ਅਗਲੇ ਪਸਾਹ ਤਕ ਲਗਭਗ ਛੇ ਮਹੀਨੇ ਤਕ ਚੱਲੀ।

ਇਸੇ ਸੇਵਕਾਈ ਦੀ ਇਕ ਮੁੱਖ ਆਇਤ ਲੂਕਾ 9: 51 ਹੈ: ''ਜਦੋਂ ਉਸ ਤੇ ਉੱਪਰ ਜਾਣ ਦੇ ਦਿਨ ਪੂਰੇ ਹੋਣ ਨੂੰ ਸਨ,[2] ਤਾਂ ਉਸ ਨੇ ਯਰੂਸ਼ਲਮ ਨੂੰ ਜਾਣ ਦਾ ਵਿਚਾਰ ਪੱਕਾ ਕੀਤਾ।'' ਯੂਨਾਨੀ ਲਿਖਤ ਦਾ ਮੂਲ ਅਰਥ ਹੈ, ''ਜਦ ਉਸ ਦੇ ਉੱਪਰ ਉਠਾਏ ਜਾਣ ਦੇ ਦਿਨ ਪੂਰੇ ਹੋ ਗਏ, *ਤਾਂ ਉਸ ਨੇ ਯਰੂਸ਼ਲਮ ਵੱਲ ਜਾਣ ਵੱਲ ਮੂੰਹ ਕੀਤਾ*'' (ਵੇਖੋ KJV)। ਧਿਆਨ ਯਰੂਸ਼ਲਮ ਵਿਚ ਹੋਣ ਵਾਲੀ ਆਪਣੀ ਮੌਤ ਤੇ ਰਹਿੰਦਾ ਸੀ।[3] ਬੁਰਿਆਈ ਦੇ ਮੰਡਰਾਉਂਦੇ ਬੱਦਲ ਵੀ ਉਸ ਨੂੰ ਰੋਕ ਨਾ ਪਾਏ, ਸਗੋਂ ਉਹ ਉਸ ਹਨ੍ਹੇਰੀ ਘਟਨਾ ਵੱਲ ਹੋਰ ਵੀ ਮਜ਼ਬੂਤੀ ਨਾਲ ਵਧਦਾ ਗਿਆ। ਇਕ ਅਨੁਵਾਦ[4] ਵਿਚ ਕਿਹਾ ਗਿਆ ਹੈ, ਕਿ ''ਉਹ ਮਜ਼ਬੂਤੀ ਨਾਲ ਯਰੂਸ਼ਲਮ ਵੱਲ ਵਧਦਾ ਗਿਆ।''

## ਚੇਲਿਆਂ ਦੀ ਚਿੰਤਾ (ਮੱਤੀ 18:15-35)

ਪ੍ਰਭੂ ਨਾਲ ਦੱਖਣ ਵੱਲ ਜਾਣ ਤੋਂ ਪਹਿਲਾਂ ਅਸੀਂ ਉਸ ਦੀ ਉੱਤਰੀ ਸੇਵਕਾਈ ਨੂੰ ਸਮੇਟਣ ਖ਼ਾਤਰ ਰੁਕਣਾ ਚਾਹਾਂਗੇ। ਗਲੀਲ ਵਿਚ ਉਸ ਦੇ ਆਖ਼ਰੀ ਸੰਦੇਸ਼ ਨਾਲ ਚੇਲਿਆਂ ਵਿਚ ਇਹ ਬਹਿਸ ਛਿੜ ਗਈ

ਕਿ ਰਾਜ ਵਿਚ ਵੱਡਾ ਕੌਣ ਹੋਵੇਗਾ (ਮੱਤੀ 18:1; ਲੂਕਾ 9:46)। ਯਿਸੂ ਦੀ ਪ੍ਰਤੀਕਿਰਿਆ ਦਾ ਪਹਿਲਾ ਭਾਗ ਬੱਚੇ ਵਾਂਗ ਬਣਨਾ ਅਤੇ ਦੂਜਾ ਭਾਗ ਦੂਜਿਆਂ ਨਾਲ ਮਿਲ ਕੇ ਚੱਲਣ ਤੇ ਕੇਂਦਰਿਤ ਸੀ। ਪਿਛਲੇ ਪਾਠ ਵਿਚ ਅਸੀਂ ਪਹਿਲੇ ਇਸੇ ਵਿਸ਼ੇ ਦਾ ਅਧਿਐਨ ਕੀਤਾ ਸੀ; ਹੁਣ ਅਸੀਂ ਦੂਜੇ ਤੇ ਵਿਚਾਰ ਕਰਾਂਗੇ।

**ਸੰਗਤੀ ਦੀ ਚਿੰਤਾ (ਆਇਤਾਂ 15-20)**

ਯਿਸੂ ਨੇ ਪਹਿਲਾਂ ਹੀ ਦੂਜੇ ਦੇ ਵਿਰੁੱਧ ਪਾਪ ਕਰਨ ਦੀ ਗੱਲ ਕੀਤੀ ਸੀ (ਮੱਤੀ 18:6; ਮਰਕੁਸ 9:42)। ਹੁਣ ਉਹ ਸਵਾਲ ਦਾ ਦੂਜਾ ਪੱਖ ਪੇਸ਼ ਕਰਨ ਨੂੰ ਤਿਆਰ ਸੀ: ਜੇ ਉਸਦੇ ਸੁਣਨ ਵਾਲਿਆਂ ਦੇ ਵਿਰੁਧ ਕੋਈ ਪਾਪ ਕਰੇ, ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ? ਮੱਤੀ 18:15 ਇਸ ਦੀ ਮੁੱਖ ਆਇਤ ਹੈ: ''ਜੇ ਤੇਰਾ ਭਰਾ ਤੇਰਾ ਪਾਪ ਕਰੇ,[5] ਤਾਂ ਜਾਹ ਅਰ ਉਸ ਦੇ ਸੰਗ ਇਕੱਲਾ ਹੋ ਕੇ ਉਸ ਨੂੰ ਸਮਝਾ ਦੇਹ ਜੇ ਉਹ ਤੇਰਾ ਸੁਣੇ ਤਾਂ ਤੂੰ ਉਸ ਨੂੰ ਖੱਟ ਲਿਆ।''[6]

''ਇਕੱਲਾ ਹੋ ਕੇ'' ਵਾਕ ਅੰਸ਼ ਨੂੰ ਰੇਖਾਂਕਿਤ ਕਰ ਲਓ: ਮੂਲ ਲਿਖਤ ਵਿਚ ''ਸਿਰਫ਼ ਤੇਰੇ ਅਤੇ ਉਸ ਦੇ ਵਿਚਕਾਰ'' ਹੈ (ਵੇਖੋ KJV)। ਜਦ ਕੋਈ ਇੰਜ ਕਰਦਾ ਹੈ, ਜਿਸ ਨਾਲ ਤੁਸੀਂ ਦੁਖੀ ਹੁੰਦੇ ਹੋ, ਤਾਂ ਤੁਹਾਨੂੰ ਚਾਹੀਦਾ ਹੈ ਕਿ ਗੱਲ ਨੂੰ ਵਧਾ ਕੇ ਢਿੰਡੋਰਾ ਨਾ ਪਿੱਟੋ; ਬਲਕਿ ਉਸ ਨੂੰ ਆਪਣੇ ਤਕ ਰਖ ਕੇ ਜਿੱਥੋਂ ਤਕ ਹੋ ਸਕੇ ਸੁਲਝਾਉਣ ਦੀ ਕੋਸ਼ਿਸ਼ ਕਰੋ। ਗੇਅਲ ਓਲਰ[7] ਨੇ ਇੰਜ ਹੀ ਕਿਹਾ ਹੈ: ''ਪਤੀ ਜਾਂ ਪਤਨੀ, ਮਿੱਤਰਾਂ ਜਾਂ ਸਬੰਧੀਆਂ ਜਾਂ ਇੱਥੋਂ ਤਕ ਕਿ ਆਪਣੇ ਕੁੱਤੇ ਨੂੰ ਵੀ ਸਿਕਾਇਤ ਕਰਨ ਤੋਂ ਪਹਿਲਾਂ, ਉਸ ਕੋਲ ਜਾਓ।''

ਤੁਹਾਨੂੰ ਇਤਰਾਜ ਹੋ ਸਕਦਾ ਹੈ, ''ਪਰ ਇਹ ਔਖਾ ਹੈ!'' ਤਾਂ ਇਹ ਔਖਾ ਤਾਂ ਹੈ, ਪਰ ਜ਼ਰੂਰੀ ਹੈ। ਇਸ ਹੁਕਮ ਨੂੰ ਮੰਨਣ ਨਾਲ ਬਹੁਤ ਸਾਰੇ ਮਾਰੂ ਹਾਲਾਤ ਟਲ ਜਾਣਗੇ। ਇਸ ਦੇ ਉਲਟ, ਜੇ ਅਸੀਂ ਮਸੀਹ ਦੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਦੇ ਹਾਂ ਭਾਵ ਅਸੀਂ ਮਾਮਲੇ ਨੂੰ ਸੁਲਝਾਉਣ ਦੀ ਬਜਾਇ ਆਪਣੇ ਆਸ ਪਾਸ ਦੇ ਲੋਕਾਂ ਨਾਲ ਆਪਣੀ ਨਰਾਜ਼ਗੀ ਦਾ ਢਿੰਡੋਰਾ ਪਿੱਟਦੇ ਹਾਂ ਤਾਂ ਲੋਕ ਸਾਥੋਂ ਕਿਨਾਰਾ ਕਰਨ ਲੱਗਣਗੇ। ਜੇ ਅਜਿਹਾ ਹੁੰਦਾ ਹੈ, ਤਾਂ ਮਸੀਹ ਦੀ ਦੇਹ ਨੂੰ ਬੜਾ ਨੁਕਸਾਨ ਹੁੰਦਾ ਹੈ।

ਉਸ ਭਾਈ ਨਾਲ, ਜਿਸ ਨੇ ਤੁਹਾਡੇ ਵਿਰੁੱਧ ਗੁਨਾਹ ਕੀਤਾ ਹੈ, ਸਹੀ ਵਿਹਾਰ ਕਰਨ ਤੇ (ਗਲਾਤੀਆਂ 6:1), ਆਮ ਮੁਸ਼ਕਿਲ ਸੁਲਝਾ ਲਈ ਜਾਵੇਗੀ, ਪਰ ਜ਼ਰੂਰੀ ਨਹੀਂ ਕਿ ਹਰ ਮਸਲੇ ਵਿਚ ਅਜਿਹਾ ਹੀ ਹੋਵੇ। ਅਜਿਹੇ ਹਾਲਾਤ ਵਿਚ ਯਿਸੂ ਦੀ ਗੱਲ ਮੰਨ ਕੇ ਕੰਮ ਕਰੋ ਕਿ ਅੱਗੇ ਕੀ ਕਰਨਾ ਹੈ: ''ਪਰ ਜੇ ਨਾ ਸੁਣੇ ਤਾਂ ਤੂੰ ਇਕ ਯਾ ਦੋ ਜਣੇ ਆਪਣੇ ਨਾਲ ਹੋਰ ਲੈ ਤਾਂ ਹਰੇਕ ਗੱਲ ਦੋ ਯਾ ਤਿੰਨ ਗਵਾਹਾਂ ਦੇ ਮੂੰਹੋਂ ਸਾਬਤ ਹੋ ਜਾਵੇ'' (ਮੱਤੀ 18:16)। ਪੁਰਾਣੇ ਤੇ ਨਵੇਂ ਦੋਹਾਂ ਨਿਯਮਾਂ ਵਿਚ ਦੋ ਜਾਂ ਤਿੰਨ ਗਵਾਹਾਂ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ (ਵਿਵਸਥਾਸਾਰ 19:15; 2 ਕੁਰਿੰਥੀਆਂ 13:1)। ਦੂਜੇ ਲੋਕ ਪਹਲਾਂ ਹੋਈ ਗੱਲ ਵਿਚ ਆਪਣੀ ਸਮਝ ਮਿਲਾ ਕੇ ਉਸ ਨੂੰ ਸੁਲਝਾਉਣ ਵਿਚ ਮਦਦ ਕਰ ਸਕਦੇ ਹਨ।[8] ਅਤੇ ਯਕੀਨਨ ਇਸ ਪਿੱਛੋਂ ਇਹ ਗਵਾਹੀ ਹੋਵੇਗੀ ਕਿ ਉਹ ਸਭਾ ਕਿਉਂ ਹੋਈ ਸੀ।

ਜੇ ਇਸ ਦੇ ਮਨਚਾਹੇ ਨਤੀਜੇ ਨਾ ਨਿਕਲਣ ਤਾਂ ਕੀ ਕਰਨਾ ਚਾਹੀਦਾ ਹੈ? ਯਿਸੂ ਨੇ ਕਿਹਾ, ''ਅਰ ਜੇ ਉਹ ਉਨ੍ਹਾਂ ਦੀ ਵੀ ਨਾ ਸੁਣੇ ਤਾਂ ਕਲੀਸੀਆ ਦੀ ਵੀ ਨਾ ਸੁਣੇ ਤਾਂ ਉਹ ਤੇਰੇ ਅੱਗੇ ਪਰਾਈ ਕੌਮ ਵਾਲੇ ਅਤੇ ਮਸੂਲੀਏ ਵਰਗਾ ਹੋਵੇ'' (ਮੱਤੀ 18:17)। ਮਸੀਹ ਵੱਲੋਂ ''ਕਲੀਸੀਆ'' ਸ਼ਬਦ ਦੀ ਵਰਤੋਂ ਕੀਤਾ ਜਾਣਾ ਧਿਆਨ ਦੇਣ ਯੋਗ ਹੈ।[9] ਦੋ ਅਧਿਆਇ ਪਹਿਲਾਂ ਉਸ ਨੇ ਆਪਣੀ ਕਲੀਸੀਆ ਬਣਾਉਣ ਦਾ ਵਾਅਦਾ ਕੀਤਾ ਸੀ (ਮੱਤੀ 16:18)। ਹੁਣ ਉਹ ਨੇ ਕਲੀਸੀਆ ਨੂੰ ਆਪਣੀ ਸੰਗਤੀ ਵਿਚ ਮਿਲਾਉਣ ਜਾਂ ਉਸ ਨੂੰ ਕੱਢਣ ਲਈ ਪ੍ਰਭੂ ਵੱਲੋਂ ਕਾਫ਼ੀ ਲੋਕਾਂ ਦੀ ਇਕ ਮੰਡਲੀ ਦੇ ਰੂਪ ਵਿਚ ਵਿਖਾਇਆ।

ਯਿਸੂ ਨੇ ਇਹ ਸਾਫ਼ ਨਹੀਂ ਕੀਤਾ ਸੀ ਕਿ ''ਕਲੀਸੀਆ ਨੂੰ'' ਕਿਵੇਂ ਕਿਹਾ ਜਾਵੇ। ਕਈ ਵਾਰ, ਅਜਿਹੀ ਗਲ ਆਮ ਬੰਦਗੀ ਦੀ ਥਾਂ ਮੈਂਬਰਾਂ ਨੂੰ ਕਿਸੇ ਖ਼ਾਸ ਸਭਾ ਵਿਚ ਸੱਦਣਾ ਸਹੀ ਹੋਵੇਗਾ। ਜੇ

ਮੰਡਲੀ ਵਿਚ ਐਲਡਰ ਹਨ, ਤਾਂ ਉਹ ਅਜਿਹੇ ਮਾਮਲਿਆਂ ਨੂੰ ਨਿਬੇੜਨ ਲਈ ਵਧੀਆ ਢੰਗ ਦੱਸ ਸਕਦੇ ਹਨ।[10]

ਮੇਰੀ ਦਿਲਚਸਪੀ ਸਭ ਤੋਂ ਵੱਧ ''ਜੇ ਉਹ ਕਲੀਸੀਆ ਦੀ ਵੀ ਨਾ ਸੁਣੇ'' ਵਾਕ ਅੰਸ਼ ਵਿਚ ਹੈ। ਇਸ ਦਾ ਭਾਵ ਇਹ ਹੋ ਸਕਦਾ ਹੈ ਕਿ ਗਲਤੀ ਕਰਨ ਵਾਲਾ ਕਲੀਸੀਆ ਦੇ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ (ਵੇਖੋ 1 ਕੁਰਿੰਥੀਆਂ 5:12)। ਮੈਂ ''ਕਲੀਸੀਆ'' ਨੂੰ ਇਸ ਦੇ ਮੂਲ ਅਰਥ (ਯਿਸੂ ਦੇ ਲਹੂ ਨਾਲ ਬਚਾਏ ਗਏ) ਵਿਚ ਹੀ ਲੈਣਾ ਚਾਹਾਂਗਾ ਅਤੇ ਇਸ ਗੱਲ ਦੀ ਵਿਆਖਿਆ ਇੰਜ ਕਰਨਾ ਚਾਹਾਂਗਾ: ''ਜੇ ਉਸ ਪ੍ਰੇਮ ਨਾਲ ਆਪਣੇ ਕੋਲ ਆਉਣ ਤੇ ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾ ਦੀ ਵੀ ਨਾ ਸੁਣਨ ...।'' ਜੇ ਪਾਪ ਕਰਨ ਵਾਲੇ ਭਾਈ ਨੂੰ ਮੰਡਲੀ ਦੇ ਸਭ ਮੈਂਬਰ ਰੋ ਰੋ ਕੇ ਪ੍ਰਭੂ ਵਿਚ ਵਾਪਸ ਆਉਣ ਨੂੰ ਕਹਿਣ? ਇਸ ਤੋਂ ਕੀ ਪ੍ਰਭਾਵ ਜਾਵੇਗਾ? ਐਨਾ ਪ੍ਰੇਮ ਕਰਨ ਵਾਲਿਆਂ ਦਾ ਵਿਰੋਧ ਤਾਂ ਪੂਰੀ ਤਰ੍ਹਾਂ ਪਾਪ ਤੋਂ ਭਰਿਆ ਸਖ਼ਤ ਦਿਲ ਹੀ ਕਰ ਸਕਦਾ ਹੈ।

ਜੇ ਇਸ ਦੇ ਬਾਅਦ ਵੀ ਪਾਪ ਕਰਨ ਵਾਲਾ ਵਾਪਸ ਨਾ ਆਵੇ ਤਾਂ ਫੇਰ ਯਿਸੂ ਨੇ ਕਿਹਾ ਹੈ ਕਿ ਕਲੀਸੀਆ ਨੂੰ ਉਸ ਨਾਲੋਂ ਸੰਗਤੀ ਛੱਡ ਦੇਣੀ ਚਾਹੀਦੀ ਹੈ: ''ਤਾਂ ਉਹ ਤੇਰੇ ਅੱਗੇ ਪਰਾਈ ਕੌਮ ਵਾਲੇ ਅਤੇ ਮਸੂਲੀਏ ਵਰਗਾ ਹੋਵੇ'' (ਮੱਤੀ 18:17)।[11] ''ਤਾਂ ਉਹ ਤੇਰੇ ਅੱਗੇ ਪਰਾਈ ਕੌਮ ਵਾਲੇ ਅਤੇ ਮਸੂਲੀਏ ਵਰਗਾ ਹੋਵੇ'' ਇਹ ਕਹਿਣ ਦਾ ਇਕ ਅਲੰਕਾਰਿਕ ਢੰਗ ਹੈ ਕਿ ''ਜਿਵੇਂ ਉਹ ਮਸੀਹੀ ਹੋਵੇ ਹੀ ਨਾ।'' ਦੂਜੀਆਂ ਆਇਤਾਂ ਤੋਂ ਇਹ ਸਾਫ਼ ਹੁੰਦਾ ਹੈ ਕਿ ਇਸ ਕੰਮ ਦਾ ਮੁੱਖ ਮਕਸਦ ਸਜ਼ਾ ਦੇਣਾ ਨਹੀਂ, ਸਗੋਂ ਉਸ ਆਦਮੀ ਨੂੰ ਹੋਸ਼ ਵਿਚ ਅਤੇ ਪ੍ਰਭੂ ਵਿਚ ਵਾਪਸ ਲਿਆਉਣਾ ਹੈ (ਵੇਖੋ 2 ਥੱਸਲੁਨੀਕੀਆਂ 3:14, 15) ਸੱਚੇ ਮਨੋਂ ਅਪਨਾਇਆ ਗਿਆ ਅਨੁਸ਼ਾਸਨ ਈਰਖਾ ਅਤੇ ਨਫ਼ਰਤ ਨੂੰ ਨਹੀਂ ਸਗੋਂ ਪ੍ਰੇਮ ਤੇ ਲਗਾਅ ਨੂੰ ਵਿਖਾਉਂਦਾ ਹੈ (ਵੇਖੋ ਇਬਰਾਨੀਆਂ 12:6)।

ਕਿਸੇ ਬੱਚੇ ਨੂੰ ਅਨੁਸ਼ਾਸਨ ਵਿਚ ਲਿਆਉਣਾ ਅਸਾਨ ਨਹੀਂ ਹੁੰਦਾ ਅਤੇ ਮਸੀਹ ਵਿਚ ਕਿਸੇ ਭਾਈ ਜਾਂ ਭੈਣ ਨੂੰ ਅਨੁਸ਼ਾਸਨ ਵਿਚ ਲਿਆਉਣਾ ਵੀ ਸੌਖਾ ਨਹੀਂ ਹੋਵੇਗਾ। ਯਿਸੂ ਇਸ ਗੱਲ ਨੂੰ ਜਾਣਦਾ ਸੀ; ਇਸ ਲਈ ਆਪਣੇ ਸੁਣਨ ਵਾਲਿਆਂ ਨੂੰ ਉਤਸ਼ਾਹਿਤ ਕਰਨ ਲਈ ਉਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਜੇ ਮੰਡਲੀ ਇਨ੍ਹਾਂ ਗੱਲਾਂ ਤੇ ਅਮਲ ਕਰਦੀ ਹੈ ਤਾਂ ਖ਼ੁਦਾ ਉਨ੍ਹਾਂ ਨਾਲ ਹੋਵੇਗਾ (ਮੱਤੀ 18:18–20[12])। ਆਇਤ 20 ਇਕ ਮਸ਼ਹੂਰ ਵਚਨ ਹੈ: ''ਕਿਉਂਕਿ ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਉੱਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।'' ਅਸੀਂ ਇਸ ਪਿਆਰੇ ਵਾਅਦੇ ਦੀ ਆਮ ਪ੍ਰਾਸੰਗਿਕਤਾ ਬਣਾ ਸਕਦੇ ਹਾਂ, ਪਰ ਇਸ ਸੰਦਰਭ ਵਿਚ, ਯਾਦ ਰੱਖੋ ਕਿ ਮਸੀਹ ਉਸ ਦੇ ਨਾਮ ਵਿਚ ਕਲੀਸੀਆ ਦੇ ਅਨੁਸ਼ਾਸਨ ਨੂੰ ਲਾਗੂ ਕਰਨ ਲਈ ਦੋ ਜਾਂ ਤਿੰਨ ਦੇ ਇਕੱਠੇ ਹੋਣ ਦੀ ਗੱਲ ਕਰ ਰਿਹਾ ਸੀ।

ਕਲੀਸੀਆ ਨੂੰ ਮੱਤੀ 18:15–20 ਜਿਹੀਆਂ ਆਇਤਾਂ ਦੀ ਲੋੜ ਹੈ, ਕਿਉਂਕਿ ਅਸੀਂ ਆਮ ਤੌਰ ਤੇ ਪਾਪ ਵਿਚ ਪਏ ਕਿਸੇ ਭਾਈ ਜਾਂ ਭੈਣ ਨੂੰ ਅਨੁਸ਼ਾਸਿਤ ਕਰਨ ਤੋਂ ਹਿਚਕਚਾਉਂਦੇ ਹਾਂ। ਪਰ ਆਪਣੇ ਅਧਿਐਨ ਦੇ ਇਸ ਭਾਗ ਨੂੰ ਅਸੀਂ ਇਸ ਆਇਤ ਨਾਲ ਖ਼ਤਮ ਕਰਾਂਗੇ, ਜਿਸ ਨਾਲ ਮੈਂ ਇਕ ਚਰਚਾ ਨੂੰ ਪ੍ਰਮੁੱਖ ਮੰਨਦਾ ਹਾਂ: ''ਜੇ ਤੇਰਾ ਭਰਾ ਤੇਰਾ ਗੁਨਾਹ ਕਰੇ ਤਾਂ ਜਾਹ ਏਕਾਂਤ ਵਿਚ ਜਾ ਕੇ ਉਸ ਨੂੰ ਸਮਝਾ। ਜੇ ਉਹ ਤੇਰੀ ਸੁਣੇ ਤਾਂ ਤੂੰ ਆਪਣੇ ਭਰਾ ਨੂੰ ਖੱਟ ਲਿਆ ਹੈ'' (ਆਇਤ 15)। ਜੇ ਅਸੀਂ ਉਵੇਂ ਹੀ ਕਰੀਏ ਜਿਵੇਂ ਸਾਨੂੰ ਕਰਨਾ ਚਾਹੀਦਾ ਹੈ, ਤਾਂ ਬਹੁਤ ਸਾਰੀਆਂ ਮੁਸ਼ਕਿਲਾਂ ਹੱਲ ਹੋ ਜਾਣਗੀਆਂ ਅਤੇ ਕਲੀਸੀਆਵਾਂ ਦੇ ਅਨੁਸ਼ਾਸਨ ਦੀ ਲੋੜ ਹੀ ਨਹੀਂ ਪਵੇਗੀ।

**ਮਾਫ਼ੀ ਦਾ ਧਿਆਨ (ਆਇਤਾਂ 21-35)**

ਗਲਤੀ ਕਰਨ ਵਾਲੇ ਕਿਸੇ ਭਰਾ ਕੋਲ ਜਾਣ ਤੇ ਯਿਸੂ ਦੀ ਸਿੱਖਿਆ ਤੋਂ ਪਤਰਸ ਨੂੰ ਇਹ ਜਾਣਨ ਦੀ ਇੱਛਾ ਹੋਈ ਕਿ ਅਜਿਹੇ ਭਰਾ ਨੂੰ ਉਹ ਕਿੰਨੀ ਵਾਰ ਮਾਫ਼ ਕਰੇ। ਉਸ ਨੇ ਪੁੱਛ ਲਿਆ, ''ਪ੍ਰਭੂ ਜੀ ਜੇ

ਮੇਰਾ ਭਰਾ ਪਾਪ ਕਰਦਾ ਰਹੇ, ਤਾਂ ਮੈਂ ਕਿੰਨੀ ਵਾਰ ਉਸ ਨੂੰ ਮਾਫ਼ ਕਰਾਂ, ਕੀ ਸੱਤ ਵਾਰ ਤੀਕਰ (ਆਇਤ 21)।[13] ਉਸ ਨੇ ਸੋਚਿਆ ਹੋਵੇਗਾ ਕਿ ਉਹ ਮੁਕਤ ਹੋਣ ਜਾ ਰਿਹਾ ਹੈ, ਕਿਉਂਕਿ ਰੱਬੀ ਲੋਕ ਸਿਰਫ਼ ਤਿੰਨ ਵਾਰ ਹੀ ਮਾਫ਼ ਮਰਨ ਦੀ ਗੱਲ ਕਰਦੇ ਹਨ। ਮੈਨੂੰ ਕੋਈ ਸ਼ੱਕ ਨਹੀਂ ਕਿ ਮਸੀਹ ਦੇ ਜਵਾਬ ਨਾਲ ਉਹ ਹੈਰਾਨ ਰਹਿ ਗਿਆ ਹੋਵੇਗਾ, ਮੈਂ ਤੈਨੂੰ ਸੱਤ ਵਾਰ ਤੀਕਰ ਨਹੀਂ ਆਖਦਾ ਪਰ ਸੱਤ ਦੇ ਸੱਤਰ ਗੁਣਾ ਤੀਕਰ'' (ਆਇਤ 22)। ਦੂਜੇ ਸ਼ਬਦਾਂ ਵਿਚ ਮਾਫ਼ ਕਰਨ ਦੀ ਕੋਈ ਹੱਦ ਨਹੀਂ ਹੋਣੀ ਚਾਹੀਦੀ।[14]

ਫ਼ਿਰ ਪ੍ਰਭੂ ਨੇ ''ਬੇਰਹਿਮ ਸੇਵਕ ਦਾ ਦ੍ਰਿਸ਼ਟਾਂਤ'' ਸੁਣਾਇਆ, ਜਿਸ ਵਿਚ ਇਕ ਸੇਵਕ ਨੇ ਇਸ ਦਾ ਬੜਾ ਕਰਜ਼ਾ ਮਾਫ਼ ਕੀਤਾ ਗਿਆ ਸੀ, ਕਿ ਸਾਥੀ ਦਾ ਥੋੜ੍ਹਾ ਕਰਨ ਮਾਫ਼ ਕਰਨੋ ਨਾਂਹ ਕਰ ਦਿੱਤੀ ਸੀ (ਆਇਤਾਂ 23–35)। ਇਸ ਦੀ ਸਾਫ਼ ਪ੍ਰਸੰਗਿਕਤਾ ਇਹ ਹੈ ਕਿ ਖ਼ੁਦਾ ਨੇ ਸਾਨੂੰ ਐਨਾ ਮਾਫ਼ ਕੀਤਾ ਹੈ ਕਿ ਅਸੀਂ ਵੀ ਦੂਜਿਆਂ ਨੂੰ ਮਾਫ ਕਰਨ ਨੂੰ ਤਿਆਰ ਰਹੀਏ।

ਮੱਤੀ 18:15–35 ਵਿਚ ਪ੍ਰਭੂ ਦੀਆਂ ਸਿੱਖਿਆਵਾਂ ਆਪਣੇ ਭਰਾਵਾਂ ਨਾਲ ਸਬੰਧ ਵਿਚ ਜਾਂ ਦੂਜਿਆਂ ਨਾਲ ਸਬੰਧਾਂ ਵਿਚ ਜ਼ਰੂਰੀ ਹਨ। ਉਸ ਨੇ ਸਾਡੇ ਲਈ ਦੋ ਸਿਧਾਂਤ ਬਣਾ ਛੱਡੇ ਹਨ: (1) ਜਦੋਂ ਤੁਹਾਨੂੰ ਕਿਸੇ ਦੇ ਵਿਰੋਧ ਵਿਚ ਕੁਝ ਕਹਿਣਾ ਹੋਵੇ ਤਾਂ ਸਭ ਤੋਂ ਪਹਿਲਾਂ ਸ਼ਿਕਾਇਤ ਕਰਨ ਦੀ ਬਜਾਇ, ਉਸ ਆਦਮੀ ਕੋਲ ਜਾਓ; ਅਤੇ (2) ਮਨ ਵਿਚ ਮੈਲ ਨਾ ਰੱਖੋ, ਬਲਕਿ ਮਾਫ਼ ਕਰਨ ਨੂੰ ਤਿਆਰ ਰਹੋ।

## ਭਵਿੱਖ ਲਈ ਪ੍ਰਤੀਬੱਧਤਾ
## (ਮੱਤੀ 19:1; ਲੂਕਾ 9:51-62; ਯੂਹੰਨਾ 7:1-10)

ਮੱਤੀ 19:1 ਆਖਦਾ ਹੈ ਕਿ ''ਜਦੋਂ ਯਿਸੂ ਇਹ ਗੱਲਾਂ [ਜਿਨ੍ਹਾਂ ਦਾ ਅਸੀਂ ਹੁਣੇ ਹੁਣੇ ਜ਼ਿਕਰ ਕੀਤਾ ਹੈ] ਕਰ ਚੁੱਕਿਆ, ਤਾਂ ਗਲੀਲ ਵਿੱਚੋਂ ਚੱਲਿਆ ਗਿਆ ਅਤੇ ਯਹੂਦੀਆ ਦੇ ਦੇਸ਼ ... ਆਇਆ।'' ਦ੍ਰਿਸ਼ ਬਦਲ ਕੇ ਦੱਖਣ ਵਿਚ ਚਲਿਆ ਜਾਂਦਾ ਹੈ।

ਜੇ ਤੁਹਾਡੀ ਯਾਦਦਾਸ਼ਤ ਚੰਗੀ ਹੈ ਤਾਂ ਤੁਹਾਨੂੰ ਯਾਦ ਹੋਵੇਗਾ ਕਿ ਸ਼ੁਰੂ ਵਿਚ ਯਿਸੂ ਦੀ ਸੇਵਕਾਈ ਯਹੂਦੀਆ ਵਿਚ ਸੀ। ਜਿਹੜਾ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਕੈਦੀ ਬਣਾਏ ਜਾਣ ਵੇਲੇ ਤਕ ਖ਼ਤਮ ਹੋਈ ਸੀ।[15] ਮਸੀਹ, ਯਹੂਦੀਆ ਵਿਚ ਦੀ, ਉੱਤਰ ਵੱਲੋਂ ਗਲੀਲ ਵਿਚ ਚਲਿਆ ਗਿਆ ਸੀ। ਯੂਹੰਨਾ ਨੇ ਲਿਖਿਆ ਹੈ ਕਿ ''ਯਹੂਦੀ ਉਸ ਨੂੰ ਮਾਰ ਸੁੱਟ ਦੇਣ ਦਾ ਯਤਨ ਕਰ ਰਹੇ ਸਨ, ਇਸ ਕਰਕੇ ਉਹ ਯਹੂਦੀਆ ਵਿਚ ਫਿਰਨਾ ਨਹੀਂ ਚਾਹੁੰਦਾ ਸੀ'' (ਯੂਹੰਨਾ 7:1)।[16] ਪਰ ਹੁਣ ਲਈ ਅਪਣਾਈ ਸੇਵਾ ਦੇ ਸ਼ੁਰੂ ਦੇ ਦ੍ਰਿਸ਼ ਭਾਵ ਆਮ ਅਰਥਾਂ ਵਿਚ ਯਹੂਦੀਆ ਵਿਚ ਅਤੇ ਖ਼ਾਸ ਕਰ ਯਰੂਸ਼ਲਮ ਨੂੰ ਮੁੜਨ ਦਾ ਵੇਲਾ ਸੀ।

### ਮਜ਼ਾਕ ਉਡਾਏ ਜਾਣ ਦੇ ਬਾਵਜੂਦ ਮਜ਼ਬੂਤ (ਯੂਹੰਨਾ 7:2-10)

ਉਸ ਦੀ ਸੇਵਕਾਈ ਦਾ ਇਹ ਨਵਾਂ ਚਰਨ ਡੇਰਿਆਂ ਦੇ ਪਰਬ ਵਿਚ ਯਰੂਸ਼ਲਮ ਜਾਣ ਨਾਲ ਸ਼ੁਰੂ ਹੋਇਆ।[17] ਡੇਰਿਆਂ ਦਾ ਪਰਬ ਯਹੂਦੀਆਂ ਦੇ ਤਿੰਨ ਮੁੱਖ ਪਰਬਾਂ ਵਿੱਚੋਂ ਇਕ ਸੀ (ਲੇਵੀਆਂ ਦੀ ਪੋਥੀ 23:39–43; ਵਿਵਸਥਾਸਾਰ 15:12–15);[18] ਇਹ ਪਰਬ ਸਤੰਬਰ ਦੇ ਅਖ਼ੀਰ ਵਿਚ ਜਾਂ ਅਕਤੂਬਰ ਦੇ ਸ਼ੁਰੂ ਵਿਚ ਮਨਾਇਆ ਜਾਂਦਾ ਸੀ।[19]

ਇਸ ਪਰਬ ਦੇ ਨੇੜੇ ਆਉਣ ਤੇ (ਯੂਹੰਨਾ 7:2), ਯਿਸੂ ਦੇ ਮਤਰਏ ਭਰਾ[20] ਉਸ ਦੇ ਸਮਾਗਮ ਵਿਚ ਆਉਣ ਦੀ ਬੇਨਤੀ ਕਰਨ ਲੱਗੇ, ਤਾਂ ਜੋ ਯਹੂਦੀਆਂ ਵਿਚ ਉਸ ਦੇ ਚੇਲੇ ਉਵੇਂ ਹੀ ਮੋਅਜਜ਼ੇ ਕਰ ਸਕਣ, ਜਿਹੜੇ ਉਸ ਨੇ ਗਲੀਲ ਵਿਚ ਕੀਤੇ ਸਨ (ਆਇਤਾਂ 3, 4)। ਆਇਤ 5 ਮੁਤਾਬਿਕ, ਇਹ ਭਰਾ ਉਸ ਤੇ ਨਿਹਚਾ ਨਹੀਂ ਕਰਦੇ ਸਨ,[21] ਇਸ ਲਈ ਸ਼ਾਇਦ ਉਨ੍ਹਾਂ ਦੀਆਂ ਗੱਲਾਂ ਤਾਅਨੇ ਮਾਰਨ ਵਾਂਗ ਹੋਣਗੀਆਂ। ਮਸੀਹ ਦੇ ਜਵਾਬ ਵਿਚ ਇਹ ਸੰਕੇਤ ਮਿਲਿਆ ਕਿ ਉਨ੍ਹਾਂ ਲਈ ਯਰੂਸ਼ਲਮ ਜਾਣ

ਵਿਚ ਕੋਈ ਔਖਿਆਈ ਨਹੀਂ ਹੋਣੀ ਸੀ; ਕਿਉਂਕਿ ਯਹੂਦੀ ਆਗੂਆਂ ''ਮੋਸਟ ਵਾਂਟੇਡ'' ਦੀ ਸੂਚੀ ਵਿਚ ਉਨ੍ਹਾਂ ਦਾ ਨਾਂਅ ਨਹੀਂ ਸੀ, ਪਰ ਉਸ ਲਈ ਜਾਣਾ ਕਾਰਣਕ ਹੋਣਾ ਸੀ (ਆਇਤਾਂ 6–8)। ਇਸੇ ਕਾਰਣ ਜਦੋਂ ਕਾਰਵਾਂ ਯਰੂਸ਼ਲਮ ਵੱਲ ਚੱਲ ਪਿਆ, ਤਾਂ ਉਹ ਅਤੇ *ਉਸ* ਦੇ ਚੇਲੇ ਦੂਜਿਆਂ ਨਾਲ ਨਹੀਂ ਗਏ (ਆਇਤ 9)। ਪਰ ਬਾਅਦ ਵਿਚ ਉਹ ਚੁੱਪ ਚਾਪ ਪਰਬ ਵਿਚ ਗਏ ਜ਼ਰੂਰ (ਆਇਤ 10)।

ਕਿਉਂਕਿ ਅਖ਼ੀਰ: ਯਿਸੂ ਪਰਬ ਵਿਚ ਚਲਾ ਗਿਆ ਇਸ ਕਰਕੇ ਆਇਤ 8 ਵਿਚ ਉਸ ਦੇ ਸ਼ਬਦ ਉਲਝਾਉਣ ਵਾਲੇ ਹਨ: ''ਮੈਂ ਅਜੇ ਇਸ ਪਰਬ ਵਿਚ ਨਾ ਜਾਂਦਾ, ਕਿਉਂਕਿ ਅਜੇ ਤਕ ਮੇਰਾ ਸਮਾਂ ਪੂਰਾ ਨਹੀਂ ਹੋਇਆ।'' ਕੁਝ ਟੀਕਾਕਾਰਾਂ ਦਾ ਸੁਝਾਅ ਹੈ ਕਿ ਯਿਸੂ ਨੇ ਕਿਹਾ ਕਿ ਉਹ ਨਹੀਂ ਜਾਏਗਾ, ਪਰ ਫਿਰ ਉਸ ਨੇ ਮਨ ਬਦਲ ਲਿਆ ਅਤੇ ਚੱਲਿਆ ਗਿਆ। ਕੁਝ ਟਿੱਪਣੀਆਂ ਯਿਸੂ ਦੇ ਸੁਭਾਅ[22] ਨਾਲ ਅਤੇ ਉਸ ਦੇ ਕਾਰਜਕਰਮ ਨਾਲ ਮੇਲ ਨਹੀਂ ਖਾਂਦੀਆਂ ਲਗਦੀਆਂ (ਲੂਕਾ 9:51)।

ਯਿਸੂ ਦੇ ਸ਼ਬਦਾਂ ਦੇ ਬਾਅਦ ਵਿਚ ਉਸ ਦੇ ਚਲੇ ਜਾਣ ਤੇ ਸਾਫ਼ ਟਕਰਾਅ ਨੂੰ ਸਮਝਾਉਣ ਲਈ ਕਈ ਵਿਆਖਿਆਵਾਂ ਦਿੱਤੀਆਂ ਗਈਆਂ ਹਨ। ਕੁਝ ਲੋਕ ਇਹ ਸੁਝਾਅ ਦਿੰਦੇ ਹਨ ਕਿ ਯਿਸੂ ਦੇ ਕਹਿਣ ਦਾ ਮਤਲਬ ਇਹ ਸੀ ਕਿ ਉਹ ਉਵੇਂ ਨਹੀਂ ਜਾਏਗਾ, ਜਿਵੇਂ ਉਹਦੇ ਭਰਾਵਾਂ ਨੇ ਸੁਝਾਅ ਪੇਸ਼ ਕੀਤਾ ਸੀ–ਭਾਵ ਮੋਅਜਜ਼ੇ ਕਰਨ ਵਾਲਾ ਬਣ ਕੇ।[23] ਦੂਜੇ ਲੋਕ ਵਾਕ ਦੇ ਆਖ਼ਰੀ ਭਾਗ ਤੇ ਧਿਆਨ ਦਿੰਦੇ ਹੋਏ ਇਹ ਮੰਨਦੇ ਹਨ ਕਿ ਇਸ ਵਾਕ ਦਾ ਮਤਲਬ ਹੈ ਕਿ ''ਮੈਂ ਇਸ ਪਰਬ ਵਿਚ ਅਜੇ ਨਹੀਂ ਜਾਂਦਾ''[24] ਭਾਵ, ਕਾਰਵਾਂ ਵਿਚ ਮੁਸਾਫ਼ਰਾਂ ਨਾਲ ਨਹੀਂ, ਇਹ ਸ਼ਬਦ ਇਸ ਗੱਲ ਦਾ ਸੰਕੇਤ ਸਨ ਕਿ ਉਹ ਬਾਅਦ ਵਿਚ ਜਾ ਸਕਦਾ ਸੀ। ਸਭ ਤੋਂ ਆਮ ਵਿਆਖਿਆ ਇਹ ਹੈ ਕਿ ''ਅਜੇ'' ਸ਼ਬਦ ਵਾਕ ਦਾ ਹਿੱਸਾ ਹੋਣਾ ਚਾਹੀਦਾ ਹੈ, ਭਾਵੇਂ ਵਚਨ ਵਿਚ ਸਾਫ਼ ਹੋਵੇ ਜਾਂ ਇਸ ਦਾ ਮਤਲਬ ਕੱਢਿਆ ਜਾਵੇ। ਕਈ ਪੁਰਾਤਨ ਯੂਨਾਨੀ ਹੱਥਲਿਖਤਾਂ ਵਿਚ ਯਿਸੂ ਦੇ ਸ਼ਬਦਾਂ ਵਿਚ ''ਅਜੇ'' ਸ਼ਬਦ ਸ਼ਾਮਿਲ ਨਹੀਂ ਕੀਤਾ ਗਿਆ। ਇਸ ਕਰਕੇ NIV ਵਿਚ ''ਮੈਂ ਅਜੇ ਇਸ ਪਰਬ ਤੇ ਨਹੀਂ ਜਾ ਰਿਹਾ ਹਾਂ? ਕਿਉਂਕਿ ਮੇਰੇ ਲਈ ਅਜੇ ਸਹੀ ਸਮਾਂ ਨਹੀਂ ਆਇਆ''[25] ਹੈ। ਵਾਰੇਨ ਵਿਅਰਸਬੇ ਨੇ ਲਿਖਿਆ ਹੈ ਕਿ ''ਯਿਸੂ ਝੂਠ ਨਹੀਂ ਬੋਲ ਰਿਹਾ ਸੀ ਜਾਂ ਟਾਲ ਨਹੀਂ ਰਿਹਾ ਸੀ ਬਲਕਿ ਉਹ ਸੋਚ ਸਮਝ ਕੇ ਚੌਕਸੀ ਵਰਤ ਰਿਹਾ ਸੀ।''[26]

ਉਹ ਪਰਿਵਾਰ ਦੇ ਲੋਕਾਂ ਅਤੇ ਦੂਜੇ ਲੋਕਾਂ ਦੇ ਪਰਬ ਵਿਚ ਜਾਣ ਪਿੱਛੋਂ, ਕਈ ਹੋਰ ਦਿਨ ਗਲੀਲ ਵਿਚ ਠਹਿਰਿਆ ਰਿਹਾ। ਫਿਰ ਉਹ ਅਤੇ ਉਹਦੇ ਚੇਲੇ ਯਰੂਸ਼ਲਮ ਲਈ ਚਲ ਪਏ, ''ਪਰਗਟ ਤੌਰ ਤੇ ਨਹੀਂ, ਪਰ ਜਾਣੋ ਗੁਪਤ ਤੌਰ ਤੇ'' (ਆਇਤਾਂ 9, 10)।

**ਠੁਕਰਾਏ ਜਾਣ ਦੇ ਬਾਵਜੂਦ ਸਮਰਪਿਤ** (ਲੂਕਾ 9:51-56)

ਲੂਕਾ ਯਿਸੂ ਦੇ ਯਰੂਸ਼ਲਮ ਦੌਰੇ ਬਾਰੇ ਦੱਸਦਾ ਹੈ ਕਿ ਦੇਰ ਨਾਲ ਜਾਣ ਦੇ ਕਾਰਣ ਪ੍ਰਭੂ ਨੇ ਯਹੂਦੀਆਂ ਨੂੰ ਜਾਣ ਵਾਲਾ ਆਮ ਰਾਹ ਨਹੀਂ ਲਿਆ, ਜਿਹੜਾ ਯਰਦਨ ਨਦੀ ਦੇ ਪੂਰਬੀ ਕਿਨਾਰੇ ਨਾਲ ਜਾਂਦਾ ਸੀ। ਸਗੋਂ,ਉਹ ਸਾਮਰੀਆ ਵਿੱਚੋਂ ਛੋਟੇ ਅਤੇ ਘੱਟ ਇਸਤੇਮਾਲ ਹੋਣ ਵਾਲੇ ਰਾਹ ਥਾਣੀ ਗਿਆ।[27]

ਸਾਮਰੀ ਲੋਕ ਜਿਨ੍ਹਾਂ ਨੇ ਗਲੀਲ ਜਾਣ ਵੇਲੇ ਪ੍ਰਭੂ ਨੂੰ ਕਬੂਲ ਕੀਤਾ ਸੀ (ਯੂਹੰਨਾ 4:40), ਇਹ ਪਤਾ ਲੱਗਣ ਤੇ ਕਿ ਉਹ ਪਰਬ ਮਨਾਉਣ ਲਈ ਯਰੂਸ਼ਲਮ ਵਿਚ ਜਾ ਰਿਹਾ ਹੈ; ਉਸ ਦੇ ਉੱਥੇ ਉੱਤਰਨ ਤੋਂ ਇਨਕਾਰ ਕੀਤਾ ਸੀ (ਲੂਕਾ 9:53)। ਉਨ੍ਹਾਂ ਯਰੂਸ਼ਲਮ ਦੀ ਹੈਕਲ ਵਿਚ ਜਾਣ ਨੂੰ ਗਿਰਾਜ਼ੀਮ ਪਹਾੜ ਤੇ ਸਾਮਰੀਆਂ ਦੀ ਹੈਕਲ ਦਾ ਤਿਆਗ ਕਰਨਾ ਮੰਨਿਆ ਹੋਵੇਗਾ (ਵੇਖੋ ਯੂਹੰਨਾ 4:20)।

ਯਾਕੂਬ ਤੇ ਯੂਹੰਨਾ, ਭਾਵ ''ਗਰਜਣ ਦੇ ਪੁੱਤਰ'' (ਮਰਕੁਸ 3:17), ਨੇ ਯਿਸੂ ਤੋਂ ਪੁੱਛਿਆ ਕਿ ਕੀ ਉਹ ਅਕਾਸ਼ੋਂ ਅੱਗ ਗਿਰਾ ਕੇ ਉਨ੍ਹਾਂ ਨੂੰ ਭਸਮ ਕਰ ਦੇਣ (ਲੂਕਾ 9:54), ਜਿਵੇਂ ਏਲੀਯਾਹ ਨੇ ਪਹਿਲਾਂ ਆਪਣੇ ਦੁਸ਼ਮਣਾਂ ਨਾਲ ਕੀਤਾ ਸੀ (2 ਰਾਜਿਆਂ 1:10, 12)।[28] ਯਿਸੂ ਨੇ ਉਨ੍ਹਾਂ ਨੂੰ ਝਿੜਕਿਆ (ਲੂਕਾ 9:55); ਉਸ ਨੇ ਉਨ੍ਹਾਂ ਨੂੰ ਆਪਣੇ ਦੁਸ਼ਮਣਾਂ ਨੂੰ ਖ਼ਤਮ ਕਰਨ ਦੀ ਸਿੱਖਿਆ ਨਹੀਂ

ਦਿੱਤੀ ਸੀ, ਸਗੋਂ ਉਸ ਨੇ ਪ੍ਰੇਮ ਕਰਨ ਅਤੇ ਉਨ੍ਹਾਂ ਲਈ ਦੁਆ ਕਰਨਾ ਸਿਖਾਇਆ ਸੀ (ਮੱਤੀ 5:44, 45)।[29] ਪਹਿਲਾਂ ਉਸ ਨੇ ਉਨ੍ਹਾਂ ਨੂੰ ਹੁਕਮ ਕੀਤਾ ਸੀ ਕਿ ਕਿਸੇ ਇਕ ਨਗਰ ਦੇ ਠੁਕਰਾਏ ਜਾਣ ਤੇ ਉਹ ਦੂਜੇ ਵਿਚ ਚਲੇ ਜਾਣ (ਮੱਤੀ 10:23)। ਹੁਣ ਉਸ ਨੇ ਇਹ ਕਰ ਕੇ ਵੀ ਵਿਖਾਇਆ (ਲੂਕਾ 9:56)।

### ਆਪਣਿਆਂ ਦੇ ਮੂੰਹ ਮੋੜ ਲੈਣ ਦੇ ਬਾਵਜੂਦ ਸਮਰਪਿਤ (ਲੂਕਾ 9: 57-62)[30]

ਯਰੂਸ਼ਲਮ ਜਾਂਦੇ ਹੋਏ, ਮਸੀਹ ਨੂੰ ਜੋਸ਼ ਰਹਿਤ ਚੇਲੇ ਮਿਲੇ। ਆਪਣੀ ਮੌਤ ਨੇੜੇ ਹੋਣ ਦੀ ਗੱਲ ਜਾਣਦੇ ਹੋਏ ਯਿਸੂ ਉਨ੍ਹਾਂ ਨੂੰ ਕਿਸੇ ਗਲਤ ਦਾਅਵੇ ਨਾਲ ਆਪਣੇ ਪੈਰੋਕਾਰ ਨਹੀਂ ਬਣਾਉਣਾ ਚਾਹੁੰਦਾ ਸੀ। ਔਖਿਆਈ ਆਉਣ ਵਾਲੀ ਸੀ; ਅਜਿਹੇ ਸਮੇਂ ਸਿਰਫ਼ ਸਮਰਪਿਤ ਅਤੇ ਇਕ ਭਰੋਸੇਯੋਗ ਲੋਕਾਂ ਦਾ ਨਿਹਚਾ ਹੀ ਸਥਿਰ ਰਹਿ ਸਕਦਾ ਸੀ। ਯਾਨਿ ਇਕ ਵਾਰ ਫੈਸਲਾ ਲੈਣ ਦੇ ਬਾਅਦ ਵਾਪਸ ਮੁੜਨ ਦਾ ਸਵਾਲ ਹੀ ਨਹੀਂ ਸੀ।[31]

## ਵਡਿਆਈ ਤੇ ਵਿਵਾਦ (ਯੂਹੰਨਾ 7:11—8:11)

ਡੇਰਿਆਂ ਦੇ ਪਰਬ ਵਿਚ ਯਿਸੂ ਦੇ ਜਾਣ ਦੀ ਗੱਲ ਯੂਹੰਨਾ ਦੀ ਇੰਜੀਲ ਵਿਚ ਲਿਖੀ ਗਈ ਹੈ। ਕਹਾਣੀ ਨੂੰ ਸਮਝਣ ਲਈ, ਇਹ ਜਾਣਨਾ ਲਾਜ਼ਮੀ ਹੈ ਕਿ ਇਸ ਵਿਚ ਤਿੰਨ ਵੱਖ ਵੱਖ ਗੁੱਟਾਂ ਦਾ ਜ਼ਿਕਰ ਹੈ, (1) ਯਰੂਸ਼ਲਮ ਦੇ ਧਾਰਮਿਕ ਅਧਿਕਾਰੀਆਂ ਨੂੰ ਆਮ ਤੌਰ ਤੇ ''ਯਹੂਦੀਆਂ'' ਦੇ ਤੌਰ ਤੇ ਸੰਬੋਧਿਤ ਕੀਤਾ ਗਿਆ (ਯੂਹੰਨਾ 7:13, 15, 35)।[32] ਇਸ ਗੁੱਟ ਦੇ ਆਗੂਆਂ ਨੂੰ ''ਪ੍ਰਧਾਨ ਯਾਜਕਾਂ ਅਤੇ ਫਰੀਸੀਆਂ'' ਕਿਹਾ ਗਿਆ ਹੈ (7:32; ਵੇਖੋ ਆਇਤਾਂ 45, 47, 48), ਜਿਹੜਾ ਮਹਾਂਸਭਾ ਨੂੰ ਸੰਬੋਧਿਤ ਕਰਨ ਦਾ ਢੰਗ ਹੈ।[33] (2) ਆਪਣੇ ਘਰ ਯਰਸ਼ਲਮ ਵਿਚ ਬਣਾ ਲੈਣ ਵਾਲੇ ਯਹੂਦੀ ਉੱਥੇ ਸਨ (7:25)। (3) ਪਰਬ ਲਈ ਮਿਲੀ ਜੁਲੀ ਭੀੜ ਨੂੰ ''ਭੀੜ'' (7:12, 20, 31, 32, 43) ਅਤੇ ਲੋਕਾਂ ਕਿਹਾ ਗਿਆ ਹੈ (7:40)। ਕਈ ਵਾਰ ਇਹ ਗਿਣਤੀ ਪਹਿਲੇ ਦੋ ਗੁੱਟਾਂ ਦੇ ਨੁਮਾਇੰਦਿਆਂ ਦੀ ਹੁੰਦੀ ਸੀ, ਮੁੱਖ ਤੌਰ ਤੇ ਇਸ ਵਿਚ ਬਾਹਰਲੇ ਮੁਸਾਫ਼ਿਰ ਵੀ ਸਨ।

### ਪਰਬ ਸ਼ੁਰੂ ਹੋਣਾ ਅਤੇ ਯਿਸੂ ਦੇ ਵਿਹਾਰ ਤੇ ਵਿਵਾਦ (7:11-13)

ਪਰਬ ਦੇ ਸ਼ੁਰੂ ਹੁੰਦਿਆਂ, ਚਰਚਾ ਦਾ ਮੁੱਖ ਵਿਸ਼ਾ ਯਿਸੂ ਹੀ ਸੀ।[34] ਉਹ ਕਈ ਮਹੀਨਿਆਂ ਤਕ ਯਰੂਸ਼ਲਮ ਵਿਚ ਸੀ,[35] ਅਤੇ ਲੋਕ ਅਨੁਮਾਨ ਲਾ ਰਹੇ ਸਨ ਕਿ ਇਸ ਪਰਬ ਵਿਚ ਆਏਗਾ ਵੀ ਜਾਂ ਨਹੀਂ (ਆਇਤ 11)। ਪਰਬ ਵਿਚ ਆਉਣ ਵਾਲਿਆਂ ਵਿਚ ਫੁਸਰ ਫੁਸਰ ਹੋਣ ਲੱਗੀ (ਆਇਤ 13; ਯੂਹੰਨਾ 9:22 ਨਾਲ ਤੁਲਨਾ ਕਰੋ): ''ਕਿੰਨੇ ਆਖਦੇ ਸਨ ਕਿ; ਉਹ ਭਲਾ ਮਾਣਸ ਹੈ: ਅਤੇ ਕਿੰਨੇ ਕਹਿੰਦੇ ਸਨ; ਨਹੀਂ ਉਹ ਲੋਕਾਂ ਨੂੰ ਭਰਮਾਉਂਦਾ ਹੈ'' (7:12)। ਪਿੱਛੋਂ ਵਾਲੀ ਗੱਲ ਵਧੇਰੇ ਵਜ਼ਨ ਰੱਖਦੀ ਸੀ, ਜਿਸ ਦਾ ਇਸ ਦੇ ਬੋਲਣ ਵਾਲਿਆਂ ਨੂੰ ਅਹਿਸਾਸ ਨਹੀ ਸੀ। ਅੱਜ ਬੜੇ ਲੋਕ ਯਿਸੂ ਨੂੰ ਖ਼ੁਦਾ ਨਹੀਂ ਮੰਨਣਾ ਚਾਹੁੰਦੇ, ਪਰ ਉਹ ਉਸ ਨੂੰ ਭਲਾ ਮਾਣਸ ਜ਼ਰੂਰ ਮੰਨਦੇ ਹਨ। ਜੇ ਮਸੀਹ ਖ਼ੁਦਾ ਦਾ ਪੁੱਤਰ ਨਹੀਂ ਸੀ, ਜਿਵੇਂ ਕਿ ਉਸ ਨੇ ਦਾਅਵਾ ਕੀਤਾ ਸੀ ਤਾਂ ਇਹ ਭਲਾ ਮਾਣਸ ਨਹੀਂ ਹੋ ਸਕਦਾ ਹੈ, ਕਿਉਂਕਿ ਝੂਠ ਬੋਲਣ ਵਾਲੇ ਭਲੇ ਨਹੀਂ ਹੁੰਦੇ। ਜਿਹੜੇ ਲੋਕ ਯਿਸੂ ਨੂੰ ਪਰਮੇਸ਼ੁਰ ਦਾ ਪੁੱਤਰ ਨਹੀਂ ਮੰਨਣਾ ਚਾਹੁੰਦੇ ਉਨ੍ਹਾਂ ਨੂੰ ਚਾਹੀਦਾ ਹੈ ਕਿ ''ਭਲਾ ਮਾਣਸ ਕਹਿ ਕੇ ਉਸ ਦੀ ਖ਼ੁਸ਼ਾਮਦ ਕਰਨੀ ਬੰਦ ਕਰਨ।''

### ਪਰਬ ਦੇ ਵਿਚਕਾਰ: ਯਿਸੂ ਦੀਆਂ ਸਿਫ਼ਾਰਿਸ਼ਾਂ ਤੇ ਵਿਵਾਦ (7:14-36)

''ਪਰਬ ਦੇ ਅੱਧਾ ਦਿਨ ਬੀਤ'' (ਆਇਤ 14) ਜਾਣ ਤੇ ਜੋ, ਸਾਫ਼ ਹੈ ਸਮਾਰੋਹ ਦਾ ਚੌਥਾ ਦਿਨ ਭਾਵ ਮੰਗਲਵਾਰ ਸੀ, ਯਿਸੂ ਸਾਹਮਣੇ ਆ ਗਿਆ।[36] ਉਹ ''ਹੈਕਲ ਵਿਚ ਜਾ ਕੇ[37] ਉਪਦੇਸ਼ ਦੇਣ

ਲੱਗਾ'' (ਆਇਤ 14), ਬਚਪਨ ਵਿਚ, ਉਹ ਹੈਕਲ ਵਿਚ ਸਿੱਖਣ ਲਈ ਜਾਂਦਾ ਸੀ (ਲੂਕਾ 2:46); ਆਪਣੀ ਸੇਵਕਾਈ ਦੇ ਸ਼ੁਰੂ ਵਿਚ, ਉਸ ਨੇ ਹੈਕਲ ਨੂੰ ਸ਼ੁੱਧ ਕੀਤਾ ਸੀ (ਯੂਹੰਨਾ 2:13–17); ਪਰ ਹੁਣ ਉਹ ਉੱਥੇ ਸਿਖਾਉਣ ਗਿਆ ਸੀ। ਯਾਦ ਰੱਖੋ ਕਿ ਹੈਕਲ ਧਾਰਮਿਕ ਅਧਿਕਾਰੀਆਂ ਦਾ ਗੜ੍ਹ ਸੀ। ਯਿਸੂ ਆਪਣੇ ਵਿਰੁੱਧ ਮਾਰੂ ਹਥਿਆਰ ਦਾ ਸਾਮਹਣਾ ਕਰਨੋਂ ਨਹੀਂ ਝਿਜਕਿਆ। ਸ਼ੇਰ ਦੀ ਗੁਫ਼ਾ ਵਿਚ ਜਾ ਕੇ ਉਸ ਨੇ ਸ਼ੇਰ ਦੀ ਦਾੜ੍ਹੀ ਫੜ੍ਹੀ ਸੀ।

ਇਹ ਪਹਿਲੀ ਵਾਰ ਸੀ, ਜਦੋਂ ਆਗੂਆਂ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਪ੍ਰਭੂ ਨੂੰ ਸੁਣਨ ਦਾ ਮੌਕਾ ਮਿਲਿਆ ਅਤੇ ਉਸ ਦੀ ਸਿੱਖਿਆ ਨੇ ਉਨ੍ਹਾਂ ਨੂੰ ''ਹੈਰਾਨ'' ਕਰ ਛੱਡਿਆ।[38] ਉਹ ਪੁੱਛ ਉੱਠੇ, ''ਬਿਨ ਪੜ੍ਹੇ ਇਸ ਨੂੰ ਇਹ ਵਿੱਦਿਆ ਕਿੱਥੋਂ ਆਈ ਹੈ?'' (ਯੂਹੰਨਾ 7:15)। ''ਬਿਨ ਪੜ੍ਹੇ'' ਤੋਂ ਉਸ ਦਾ ਭਾਵ ਸੀ ਕਿ ਉਸ ਨੇ ਰੱਬੀ ਬਣਨ ਦੀ ਸਿੱਖਿਆ ਤਾਲੀਮ ਕਦੀ ਨਹੀਂ ਹਾਸਲ ਕੀਤੀ। ਅੱਜ ਲੋਕ ਆਖ ਸਕਦੇ ਹਨ ਕਿ ''ਉਸਨੇ ਤਾਂ ਕਿਸੇ ਯੂਨੀਵਰਸਿਟੀ ਤੋਂ ਡਿਗਰੀ ਪਾਈ ਹੈ!'' ਅਸਲ ਵਿਚ ਯਿਸੂ ਦਾ ਜਵਾਬ ਸੀ ਕਿ ਉਸ ਨੂੰ ਮਨੁੱਖਾਂ ਵੱਲੋਂ ''ਪ੍ਰਮਾਣ ਪੱਤਰ'' ਜਾਂ ''ਲਾਈਸੈਂਸ'' ਦੀ ਲੋੜ ਨਹੀਂ ਸੀ, ਬਲਕਿ ਉਸ ਨੂੰ ਤਾਂ ਖ਼ੁਦਾ ਵੱਲੋਂ ਭੇਜਿਆ ਗਿਆ ਸੀ (ਆਇਤਾਂ 16, 18, 28, 29) ਅਤੇ ਖ਼ੁਦਾ ਨੇ ਉਸ ਨੂੰ ਸਿਖਾਉਣ ਲਈ ਕਿਹਾ ਸੀ (ਆਇਤ 16)।

ਉਸ ਨੇ ਕਿਹਾ, ''ਜੇ ਕੋਈ ਉਸ [ਖ਼ੁਦਾ] ਦੀ ਇੱਛਾ ਤੇ ਚੱਲਣਾ ਚਾਹੇ ਤਾਂ ਉਹ ਇਸ ਉਪਦੇਸ਼ [ਭਾਵ, ਜੋ ਉਹ ਸਿਖਾ ਰਿਹਾ ਸੀ] ਦੇ ਵਿਖੇ ਜਾਣ ਜਾਏਗਾ ਕਿ ਉਹ ਖ਼ੁਦਾ ਵੱਲੋਂ ਹੈ ਜਾਂ ਆਪਣੇ ਵੱਲੋਂ ਹੈ, ਜਾਂ ਮੈਂ ਆਪਣੇ ਵੱਲੋਂ ਕਹਿ ਰਿਹਾ ਹਾਂ'' (ਆਇਤ 17)। ਕਿਸੇ ਵੀ ਗੱਲ ਨੂੰ ਸਮਝਣ ਲਈ ਯੋਗ ਢੰਗ ਹੋਣਾ ਜ਼ਰੂਰੀ ਹੈ,[39] ਪਰ ਖ਼ੁਦਾ ਦੇ ਵਚਨ ਨੂੰ ਸਮਝਣ ਲਈ ਹੋਰ ਵੀ ਜ਼ਰੂਰੀ ਹੈ ਕਿ ਖ਼ੁਦਾ ਦੀ ਸਿੱਖਿਆ ਧਾਰਮਿਕ ਆਗੂਆਂ ਲਈ ਇਕ ਪਹੇਲੀ ਬਣੀ ਰਹੀ, ਕਿਉਂਕਿ ਖ਼ੁਦਾ ਦੀ ਇੱਛਾ ਨੂੰ ਜਾਣਨ ਦਾ ਦਾਅਵਾ ਕਰਨ ਦੇ ਬਾਵਜੂਦ, ਉਹ ਅਸਲ ਵਿਚ ਇਸ ਨੂੰ ਨਹੀਂ ਸਮਝਦੇ ਸਨ।

ਇਹ ਸਬੂਤ ਵੇਖਦੇ ਹੋਏ ਕਿ ਅਧਿਕਾਰੀ ਖ਼ੁਦਾ ਦਾ ਹੁਕਮ ਨਹੀਂ ਮੰਨ ਰਹੇ ਸਨ, ਯਿਸੂ ਨੇ ਧਿਆਂਨ ਦੁਆਇਆ ਕਿ ਉਨ੍ਹਾਂ ਛੇਵਾਂ ਹੁਕਮ ਤੋੜਨ ਦੀਆਂ ਯੋਜਨਾਵਾਂ ਬਣਾਈਆਂ ਸਨ (ਕੂਚ 20:13)। ਉਸ ਨੇ ਆਖਿਆ, ''ਕੀ ਮੂਸਾ ਨੇ ਤੁਹਾਨੂੰ ਸ਼ਰ੍ਹਾ ਨਹੀਂ ਦਿੱਤੀ? ਪਰ ਤੁਹਾਡੇ ਵਿੱਚੋਂ ਕੋਈ ਸ਼ਰ੍ਹਾ ਤੇ ਨਹੀਂ ਚੱਲਦਾ। ਤੁਸੀਂ ਮੇਰੇ ਮਾਰ ਸੁੱਟਣ ਦੇ ਮਗਰ ਕਿਉਂ ਪਏ ਹੋ?'' (ਯੂਹੰਨਾ 7:19)। ਉਹ ਉਨ੍ਹਾਂ ਦੀ ਸਾਜਿਸ਼ ਬਾਰੇ ਜਾਣਦਾ ਸੀ (ਯੂਹੰਨਾ 5:18; 7:1) ਅਤੇ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਸਭ ਜਾਣਦਾ ਹੈ।

ਨਗਰ ਤੋਂ ਬਾਹਰ ਦੀ ਭੀੜ ਨੇ ਜਿਹੜੀ ਹਾਲਤਾਂ ਤੇ ਜਾਣੂ ਨਹੀਂ ਸੀ; ਜਵਾਬ ਦਿੱਤਾ, ''ਤੈਨੂੰ ਤਾਂ ਭੂਤ ਚੰਬੜਿਆ ਹੋਇਆ ਹੈ। ਕੌਣ ਤੈਨੂੰ ਮਾਰ ਸੁੱਟਣ ਦੇ ਮਗਰ ਪਿਆ ਹੈ?'' (ਆਇਤ 20)। ਯਿਸੂ ਤੇ ਪਹਿਲਾਂ ਵੀ ਦੁਸ਼ਟ ਆਤਮਾ ਹੋਣ ਦਾ ਦੋਸ਼ ਲਾਇਆ ਗਿਆ ਸੀ (ਮੱਤੀ 9:32–34; 10:25; 12:24), ਪਰ ਇਨ੍ਹਾਂ ਸ਼ਬਦਾਂ ਦਾ ਮਤਲਬ ਸਿਰਫ ਐਨਾ ਸੀ ਕਿ ''ਤੂੰ ਪਾਗਲ ਹੋ ਗਿਆ ਹੈਂ!'' (ਵੇਖੋ ਯੂਹੰਨਾ 10:20)।

ਇਸ ਸਵਾਲ ਨੇ ਕਿ ਯਿਸੂ ਸਚਮੁਚ ਮੌਤ ਦੀ ਗੱਲ ਕਰ ਰਿਹਾ ਸੀ ਜਾਂ ਨਹੀਂ, ਯਰੂਸ਼ਲਮ ਵਿਚ ਪਿਛਲੇ ਦੌਰੇ ਦੀ ਯਾਦ ਦੁਆਈ, ਜਿਸ ਦੇ ਅਖ਼ੀਰ ਵਿਚ ਯਹੂਦੀ ਆਗੂ ''ਹੋਰ ਵੀ ਵੱਧ ਉਸ ਨੂੰ ਮਾਰ ਸੁੱਟਣ ਦਾ ਯਤਨ ਕਰਨ ਲੱਗੇ'' ਸੀ (ਯੂਹੰਨਾ 5:18)। ਉਸ ਮੌਕੇ, ਯਿਸੂ ਨੇ ਸੱਬਤ ਦੇ ਦਿਨ ਇਕ ਦਿਨ ਇਕ ਆਦਮੀ ਨੂੰ ਚੰਗਾ ਕੀਤਾ ਸੀ (ਯੂਹੰਨਾ 5:1–9) ਅਤੇ ਉਸ ਨੂੰ ਆਪਣੇ ਇਸ ਕੰਮ ਦੀ ਸਫ਼ਾਈ ਦੇਣ ਲਈ ਮਜ਼ਬੂਤ ਕੀਤਾ ਗਿਆ ਸੀ। ਹੁਣ ਉਸ ਨੇ ਸੱਬਤ ਵਾਲੇ ਦਿਨ ਚੰਗਿਆਈ ਲਈ ਇਕ ਹੋਰ ਤਰਕ ਪੇਸ਼ ਕੀਤਾ: ਉਸ ਨੇ ਧਿਆਨ ਦੁਆਇਆ ਕਿ ਸੱਬਤ ਵਾਲੇ ਦਿਨ ਸੁੰਨਤ ਕਰਨ ਨੂੰ ਚੰਗਾ ਜਾਣਦੇ ਸਨ (7:22, 23)।[40] ਅਸਲ ਵਿਚ ਉਸ ਦੇ ਕਹਿਣ ਦਾ ਭਾਵ ਇਹ ਸਮਝਿਆ ਜਾ ਸਕਦਾ ਹੈ ਕਿ ''ਜੇ ਸੱਬਤ ਵਾਲੇ ਦਿਨ, ਸਰੀਰ ਦੇ ਇਕ ਅੰਗ ਨੂੰ ਪਵਿੱਤਰ ਕਰਨਾ ਯੋਗ ਹੈ, ਤਾਂ ਜਦ

ਮੈਂ ਸਾਰੇ ਸਰੀਰ ਨੂੰ ਸ਼ੁੱਧ ਕੀਤਾ ਹੈ ਤਾਂ ਤੁਸੀਂ ਕਿਉਂ ਗੁੱਸਾ ਕਰਦੇ ਹੋ'' (ਆਇਤ 23)।

ਜਦੋਂ ਪ੍ਰਭੂ ਨੇ ਉਪਦੇਸ਼ ਦੇਣਾ ਜਾਰੀ ਰੱਖਿਆ ਤਾਂ ਯਰੂਸ਼ਲਮ ਵਿਚ ਰਹਿਣ ਵਾਲੇ ਲੋਕ (ਜਿਹੜੇ ਮੌਤ ਦੀ ਯੋਜਨਾ ਬਾਰੇ ਜਾਣਦੇ ਸਨ) ਹੈਰਾਨ ਹੋ ਗਏ ਕਿ ਉਹ ਹੈਕਲ ਵਿਚ ਐਨਾ ਖੁੱਲ੍ਹੇਆਮ ਸਿਖਾ ਰਿਹਾ ਸੀ (ਆਇਤਾਂ 25, 26)। ਤਾਂ ਵੀ, ਉਨ੍ਹਾਂ ਇਹ ਨਤੀਜਾ ਕੱਢਿਆ ਕਿ ਉਹ ਮਸੀਹ ਨਹੀਂ ਹੋ ਸਕਦਾ: ''ਪਰ ਅਸੀਂ ਇਸ ਨੂੰ ਜਾਣਦੇ ਹਾਂ, ਜੋ ਕਿੱਥੋਂ ਦਾ ਹੈ ਪਰ ਜਾਂ ਮਸੀਹ ਆਊਗਾ ਤਾਂ ਕੋਈ ਨਹੀਂ ਜਾਣੂ ਜੋ ਉਹ ਕਿੱਥੋਂ ਦਾ ਹੈ'' (ਆਇਤ 27)। ਬਹੁਤੇ ਯਹੂਦੀਆਂ ਦਾ ਨਿਹਚਾ ਸੀ ਕਿ ਮਸੀਹ ਦਾ ਜਨਮ ਬੈਤਲਹਮ ਵਿਚ ਹੋਵੇਗਾ (ਯੂਹੰਨਾ 7:42; ਮੱਤੀ 2:5, 6)। ਕੁਝ ਕੁ ਹੀ ਦਾ ਨਿਹਚਾ ਸੀ ਕਿ ਮਲਾਕੀ 3:1 ਅਤੇ ਯਸਾਯਾਹ 53:8 ਵਰਗੀਆਂ ਆਇਤਾਂ ਸਿਖਾਉਂਦੀਆਂ ਹਨ ਕਿ ਮਸੀਹ ਦਾ ਆਉਣਾ ਭੇਦ ਭਰਿਆ ਹੋਵੇਗਾ।

ਚਰਚਾ ਦੌਰਾਨ, ਭਾਗ ਲੈਣ ਵਾਲੇ ਆਦਮੀ ਆਗਿਆਨਤਾ ਵਿਖਾਉਂਦੇ ਸਨ, ਕਿਉਂਕਿ ਉਹ ਯਿਸੂ ਦੇ ਜਨਮ ਸਥਾਨ ਬਾਰੇ ਜਾਣਦੇ ਨਹੀਂ ਸਨ: (ਵੇਖੋ ਯੂਹੰਨਾ 7:41)। ਅਸਲ ਵਿਚ ਮਸੀਹ ਨੇ ਜਵਾਬ ਦਿੱਤਾ, ਕਿ ਉਹ ਸੰਸਾਰਕ ਜ਼ਿੰਦਗੀ ਬਾਰੇ ਜਾਣੇ ਜਾਂ ਨਾ,[41] ਪਰ ਜਿਹੜੀ ਗੱਲ ਉਹ ਨਹੀਂ ਸਮਝਦੇ ਸਨ ਉਹ ਇਹ ਸੀ ਕਿ ਉਹ ਸੁਰਗੋਂ ਆਇਆ ਸੀ (ਆਇਤਾਂ 28, 29)।

ਯਿਸੂ ਨੇ ਭੀੜ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਉਹ ਉਸ ਵਿਚ ਨਿਹਚਾ ਕਰਨ ਲਗ ਪਏ (ਆਇਤ 31) ਉਨ੍ਹਾਂ ਦੀ ਨਿਹਚਾ ਥੋੜ੍ਹੀ ਸੀ, ਕਿ ਉਹ ਯਕੀਨ ਕਰ ਸਕਦੇ; ਪਰ ਉਹ ਪ੍ਰਧਾਨ ਯਾਜਕਾਂ ਅਤੇ ਫਰੀਸੀਆਂ ਨੂੰ ਕ੍ਰੋਧ ਦੁਆਉਣ ਲਈ ਕਾਫ਼ੀ ਸੀ, ਜਿਨ੍ਹਾਂ ਉਸ ਨੂੰ ਫੜਨ ਲਈ ਹੈਕਲ ਦੇ ਪਹਿਰੇਦਾਰਾਂ ਨੂੰ ਭੇਜਿਆ ਸੀ (ਆਇਤ 32)। ਬਿਨਾ ਪਰੇਸ਼ਾਨ ਹੋਏ ਮਸੀਹ ਪ੍ਰਚਾਰ ਕਰਦਾ ਰਿਹਾ: ''ਸੋ ਯਿਸੂ ਨੇ ਆਖਿਆ, ਅਜੇ ਥੋੜ੍ਹਾ ਚਿਰ ਮੈਂ ਤੁਹਾਡੇ ਨਾਲ ਹਾਂ ਅਤੇ ਜਿਨ ਮੈਨੂੰ ਘੱਲਿਆ ਉਹ ਦੇ ਕੋਲ ਚੱਲਿਆ ਜਾਂਦਾ ਹਾਂ ਤੁਸੀਂ ਮੈਨੂੰ ਭਾਲੋਗੇ ਅਤੇ ਮੈਨੂੰ ਨਾ ਲੱਭੋਗੇ ਪਰ ਜਿੱਥੇ ਮੈਂ ਹਾਂ ਤੁਸੀਂ ਨਹੀਂ ਆ ਸਕਦੇ'' (ਆਇਤਾਂ 33, 34)। ਅਸੀਂ ਸਲੀਬ ਦੇ ਇਸ ਪਾਸੇ ਰਹਿੰਦੇ ਹਾਂ, ਇਸ ਕਰਕੇ ਸਾਨੂੰ ਉਸ ਦੇ ਸ਼ਬਦਾਂ ਦੀ ਸਮਝ ਹੈ। ''ਅਜੇ ਥੋੜ੍ਹਾ ਚਿਰ ਮੈਂ ਤੁਹਾਡੇ ਨਾਲ ਹਾਂ'' ਉਸ ਦੀ ਮੌਤ ਨੂੰ ਸਿਰਫ਼ ਛੇ ਮਹੀਨੇ ਬਾਕੀ ਸਨ। ''ਜਿਨ ਮੈਨੂੰ ਘੱਲਿਆ ਉਹਦੇ ਕੋਲ ਚਲਿਆ ਜਾਂਦਾ ਹਾਂ'' ਉਸ ਨੇ ਖ਼ੁਦਾ ਕੋਲ ਉੱਪਰ ਉਠਾਇਆ ਜਾਣਾ ਸੀ। ''ਤੁਸੀਂ ਮੈਨੂੰ ਭਾਲੋਗੇ ਅਤੇ ਨਾ ਲੱਭੋਗੇ ਪਰ ਜਿੱਥੇ ਮੈਂ ਹਾਂ ਤੁਸੀਂ ਆ ਨਹੀਂ ਸਕਦੇ'': ਇਹ ਸ਼ਬਦ ਅਕਸਰ ਕਿਸੇ ਚੀਜ਼ ਗੁਆਉਣ ਬਾਰੇ ਹਨ (ਵੇਖੋ ਹੋਸ਼ੇਆ 5:6), ਬੇਪਰਤੀਤੀ ਨਾਲ ਦੁਖਾਂਤ ਵਾਪਰਨ ਵਾਲਾ ਸੀ। ਅਗਲੇ ਦਿਨ, ਯਿਸੂ ਨੇ ਕਹਿਣਾ ਸੀ, ''ਮੈਂ ਤਾਂ ਚਲਿਆ ਜਾਂਦਾ ਹਾਂ ਪਰ ਤੁਸੀਂ ਮੈਨੂੰ ਭਾਲੋਗੇ ਅਤੇ ਆਪਣੇ ਪਾਪ ਵਿਚ ਮਰੋਗੇ। ਜਿੱਥੇ ਮੈਂ ਜਾਂਦਾ ਹਾਂ ਤੁਸੀਂ ਨਹੀਂ ਆ ਸਕਦੇ''; ''... ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੀ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:21, 24)।

ਅਸੀਂ ਸਮਝ ਸਕਦੇ ਹਾਂ ਕਿ ਯਿਸੂ ਦੇ ਕਹਿਣ ਤੋਂ ਕੀ ਭਾਵ ਸੀ, ਪਰ ਯਹੂਦੀ ਆਗੂ ਉਲਝਣ ਵਿਚ ਪੈ ਗਏ ਸਨ। ਉਨ੍ਹਾਂ ਨੂੰ ਲਗਦਾ ਹੋਵੇਗਾ ਕਿ ਉਹ ਫ਼ਲਿਸਤੀਨ ਤੋਂ ਨਿਕਲ ਕੇ ਗੈਰ ਯਹੂਦੀਆਂ ਵਿਚ ਪ੍ਰਚਾਰ ਕਰ ਰਿਹਾ ਹੈ (7:35, 36)।[42]

## ਪਰਬ ਖ਼ਤਮ ਹੋਣਾ: ਯਿਸੂ ਦੇ ਦਾਅਵਿਆਂ ਤੇ ਵਿਵਾਦ (ਯੂਹੰਨਾ 7:37-52)

ਅਗਲੀ ਲਿਖਤ ਘਟਨਾ ''ਪਰਬ ਦੇ ਆਖ਼ਰੀ ਦਿਨ, ਜਿਹੜਾ ਮੁੱਖ ਦਿਨ ਹੈ'' ਵਾਪਰੀ (ਆਇਤ 37)। ਉਸ ਦਿਨ ਦੀ ਖ਼ਾਸ ਗੱਲ ਪਾਣੀ ਦਾ ਸੰਸਕਾਰ ਸੀ, ਜਿਸ ਦੌਰਾਨ ਇਕ ਯਾਜਕ ਸ਼ੀਲੋਹ ਦੇ ਤਲਾਅ ਵਿੱਚੋਂ ਸੋਨੇ ਦਾ ਮੱਟ ਭਰ ਕੇ ਉਸ ਪਾਣੀ ਨੂੰ ਬੜੇ ਸਮਾਰੋਹ ਵਿਚ, ਵੇਦੀ ਸਾਹਮਣੇ ਡੋਲ੍ਹ ਦਿੰਦੀ ਸੀ। ਇਹ ਸਮਾਰੋਹ ਉਸ ਸਮੇਂ ਨੂੰ ਯਾਦ ਦੁਆਉਂਦਾ ਸੀ, ਜਦੋਂ ਖ਼ੁਦਾ ਨੇ ਉਨ੍ਹਾਂ ਦੇ ਵਡੇਰਿਆਂ ਨੂੰ ਉਜਾੜ

ਵਿਚ ਪਾਣੀ ਦਿੱਤਾ ਸੀ (ਕੂਚ 17:5, 6; ਗਿਣਤੀ 20:7–11) ਅਤੇ ਮਸੀਹਾ ਦੇ ਆਉਣ ਤੇ ਖ਼ੁਦਾ ਦੇ ਆਤਮਾ ਦੇ ਵਹਾਏ ਜਾਣ ਦੀ ਰਾਹ ਵੇਖਦਾ ਸੀ (ਯੋਏਲ 2:28; ਵੇਖੋ ਰਸੂਲਾਂ ਦੇ ਕੰਮ 2:16, 17)।

ਉਸ ਦਿਨ, ''ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਜੋ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਤੇ ਪੀਵੇ। ਜੋ ਮੇਰੇ ਤੇ ਨਿਹਚਾ ਕਰਦਾ ਹੈ, ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਸ ਦੇ ਅੰਦਰੋਂ ਵਗਣਗੀਆਂ''[43] (ਯੂਹੰਨਾ 7:37, 38)। ਸੋਨੇ ਦਾ ਮਟਕਾ ਹੁਣ ਖਾਲੀ ਸੀ ਪਰ ਉਸ ਦੇ ਸੁਣਨ ਵਾਲਿਆਂ ਨੂੰ ਜਲ ਦੀਆਂ ਨਦੀਆਂ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ, ਜਿਹੜੀਆਂ ਕਦੇ ਸੁੱਕ ਨਹੀਂ ਸਕਣੀਆਂ ਸਨ।

ਯੂਹੰਨਾ ਨੇ ਮਸੀਹ ਦੇ ਸ਼ਬਦਾਂ ਦੀ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਟਿੱਪਣੀ ਪੇਸ਼ ਕੀਤੀ: ''ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਤੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ'' (ਆਇਤ 39)।[44] ਇਹ ਮਸੀਹ ਦੇ ਸੁਰਗ ਵਿਚ ਉਠਾਏ ਜਾਣ ਮਗਰੋਂ ਪਹਿਲੇ ਪਿੰਤੇਕੁਸਤ ਵਾਲੇ ਦਿਨ ਪਵਿੱਤਰ ਆਤਮਾ ਦੇ ਉੱਤਰਨ ਦੀ ਗੱਲ ਸੀ (ਰਸੂਲਾਂ ਦੇ ਕੰਮ 1:8; 2:1–4, 16, 17, 38)। ਜਿਵੇਂ ਚੱਟਾਨ ਵਿੱਚੋਂ ਪਾਣੀ ਕੱਢ ਕੇ ਲੋਕਾਂ ਦੀ ਤੇਹ ਮਿਟਾਈ ਸੀ, ਉਵੇਂ ਹੀ ਖ਼ੁਦਾ ਦੇ ਆਤਮਾ ਨੇ ਯਿਸੂ ਵਿਚ ਭਰੋਸਾ ਰੱਖਣ ਵਾਲਿਆਂ ਦੀ ਰੂਹਾਨੀ ਤੇਹ ਬੁਝਾਉਣੀ ਸੀ।

ਯਿਸੂ ਦੀਆਂ ਗੱਲਾਂ ਸੁਣਨ ਵਾਲੇ ਲੋਕ ਆਪਸ ਵਿਚ ਪਾਟ ਗਏ (ਯੂਹੰਨਾ 7:43)। ਕੁਝ ਦਾ ਵਿਚਾਰ ਸੀ ਕਿ ਉਹ ਮੂਸਾ ਜਿਹਾ ਨਬੀ ਸੀ (ਆਇਤ 40; ਵੇਖੋ ਵਿਵਸਥਾਸਾਰ 18:15)। ਕੁਝ ਦਾ ਵਿਚਾਰ ਸੀ ਕਿ ਇਹੀ ਮਸੀਹਾ ਹੋਵੇਗਾ (ਯੂਹੰਨਾ 7:41)। ਕਈਆਂ ਆਖਿਆ ਕਿ ਉਹ ਮਸੀਹ ਨਹੀਂ ਹੋ ਸਕਦਾ ਹੈ (ਕਿਉਂਕਿ ਉਨ੍ਹਾਂ ਦੇ ਵਿਚਾਰ ਮੁਤਾਬਿਕ) ਉਹ ਦਾਊਦ ਦੇ ਨਗਰ ਬੈਤਲਹਮ ਵਿਚ ਨਹੀਂ ਸਗੋਂ ਗਲੀਲ ਤੋਂ ਆਇਆ (ਆਇਤਾਂ 41, 42; ਵੇਖੋ 2 ਸਮੂਏਲ 7:12–16; ਮੀਕਾਹ 5:2–4)।

ਮਸੀਹ ਦੀ ਸਿੱਖਿਆ ਤੋਂ ਪ੍ਰਭਾਵਿਤ ਹੋਣ ਵਾਲਿਆਂ ਵਿਚ ਉਸ ਨੂੰ ਫੜਨ ਆਉਣ ਵਾਲੇ ਵੀ ਸ਼ਾਮਲ ਸਨ (ਯੂਹੰਨਾ 7:32)। ਅਧਿਕਾਰੀਆਂ ਦੇ ਖਾਲੀ ਹੱਥੀਂ ਮੁੜਨ ਤੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਯਿਸੂ ਨੂੰ ਕਿਉਂ ਨਹੀਂ ਲਿਆਏ (ਆਇਤ 45) ਤਾਂ ਉਨ੍ਹਾਂ ਦਾ ਜਵਾਬ ਸੀ, ''ਇਸ ਦੇ ਤੁਲ ਕਦੇ ਕਿਸੇ ਮਨੁੱਖ ਨੇ ਬਚਨ ਨਹੀਂ ਕੀਤਾ'' (ਆਇਤ 46)।

ਫਰੀਸੀ ਗੁੱਸੇ ਵਿਚ ਆ ਗਏ (ਆਇਤ 47) ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਯਿਸੂ ਮਸੀਹਾ ਨਹੀਂ ਹੋ ਸਕਦਾ ਹੈ: (1) ਕਿਉਂਕਿ ਉਸ ਵਿਚ ਨਿਹਚਾ ਨਹੀਂ ਰੱਖਦੇ ਸਨ (ਆਇਤ 48), (2) ਕਿਉਂਕਿ ਉਸ ਤੇ ਜੋ ਵਿਸ਼ਵਾਸ ਕਰਦੇ ਸਨ ਉਨ੍ਹਾਂ ਨੂੰ ਪਤਾ ਨਹੀਂ ਸੀ[45] (ਆਇਤ 49) ਅਤੇ (3) ਕਿਉਂਕ ਗਲੀਲ ਵਿੱਚੋਂ ਕਦੇ ਕੋਈ ਨਬੀ ਨਹੀਂ ਨਿੱਕਲਿਆ ਸੀ (ਆਇਤ 52)।[46] ਉਨ੍ਹਾਂ ਵਿਚ ਇਕ ਨਿਕੁਦੇਮਸ ਨਾਮੀ (ਜਿਹੜਾ ਪਹਿਲਾਂ ਰਾਤ ਦੇ ਪਹਿਰ ਯਿਸੂ ਕੋਲ ਆਇਆ ਸੀ [ਯੂਹੰਨਾ 3:1, 2]) ਆਦਮੀ ਨੇ ਧਿਆਨ ਦੁਆਇਆ ਕਿ ਬਿਨਾਂ ਯੋਗ ਮੁਕੱਦਮੇ ਦੇ ਕਿਸੇ ਆਦਮੀ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ (ਯੂਹੰਨਾ 7:50, 51; ਵੇਖੋ ਵਿਵਸਥਾਸਾਰ 1:16, 17; 19:15–21)।[47] ਨਿਕੁਦੇਮੁਸ ਦੀਆਂ ਗੱਲਾਂ ਦਾ ਐਨਾ ਅਸਰ ਹੋਇਆ ਕਿ ਉਹ ਉਲਟੇ ਉਸ ਦੇ ਪਿੱਛੇ ਹੋ ਗਏ (ਯੂਹੰਨਾ 7:52)।

ਬਾਈਬਲ ਸਾਫ਼ ਬਿਆਨ ਕਰਦੀ ਹੈ ਕਿ ਉਹ ਪ੍ਰਭੂ ਨੂੰ ਇਸ ਲਈ ਨਹੀਂ ਫੜ ਸਕੇ ''ਕਿਉਂਕਿ ਉਸ ਦਾ ਵੇਲਾ ਅਜੇ ਨਹੀਂ ਆਇਆ ਸੀ'' (ਆਇਤਾਂ 30, 44 ਵੀ ਵੇਖੋ)। ਉਸ ਦੀ ਮੌਤ ਦਾ ''ਵੇਲਾ'' ਜਾਂ ਘੜੀ ਨੇੜੇ ਸੀ, ਜਿਸ ਵਿਚ ਸਿਰਫ਼ ਛੇ ਮਹੀਨੇ ਹੀ ਰਹਿ ਗਏ ਸਨ, ਪਰ ਅਜੇ ਵੇਲਾ ਆਇਆ ਨਹੀਂ ਸੀ।[48] (ਆਇਤਾਂ 30; ਵੀ ਵੇਖੋ 8:20)।

**ਪਰਬ ਦੇ ਪਿੱਛੋਂ: ਯਿਸੂ ਦੇ ਧਿਆਨ ਤੇ ਵਿਵਾਦ (ਯੂਹੰਨਾ 7:53—8:11)**

ਯੂਹੰਨਾ 7:53—8:11 ਖ਼ਾਸ ਹੈ। ਜਦ ਕਿ ਇਹ ਭਾਗ ਅਤਿ ਪ੍ਰਾਚੀਨ ਹੱਥ ਲਿਖਤਾਂ ਵਿਚ ਮਿਲਦਾ ਨਹੀਂ ਹੈ, ਪਰ ਨਵੇਂ ਨੇਮ ਦੇ ਬਹੁਤੇ ਅਨੁਵਾਦਾਂ ਵਿਚ ਮਿਲਦਾ ਸੀ, ਕੁਝ ਵਿਚ ਇਸ ਨੂੰ ਬਾਈਬਲ ਦਾ ਹਿੱਸਾ ਮੰਨਿਆ ਜਾਂਦਾ ਸੀ (KJV, NASB); ਬਾਕੀ ਬਹੁਤੇ ਹਿੱਸਿਆਂ ਵਿਚ ਇਸ ਨੂੰ ਵਚਨ ਵਿਚ ਸ਼ਾਮਿਲ ਕੀਤਾ ਜਾਂਦਾ ਹੈ, ਪਰ ਕਿਸੇ ਤਰ੍ਹਾਂ ਵੱਖ ਕਰਕੇ (NASB; NIV; RSV)। ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਇਹ ਆਇਤਾਂ ਯੂਹੰਨਾ ਦੇ ਮੂਲ ਹੱਥਲਿਖਤ ਦਾ ਹਿੱਸਾ ਸਨ ਜਾਂ ਨਹੀਂ, ਪਰ ਇਹ ਘਟਨਾ ਸੱਚੀ ਵਾਪਰੀ ਸੀ।

ਪਰਬ ਦੇ ਖ਼ਤਮ ਹੋਣ ਤੇ, ਬਹੁਤ ਲੋਕੀਂ ਆਪਣੇ ਘਰੀਂ ਪਰਤ ਗਏ (ਯੂਹੰਨਾ 7:53), ਪਰ ਯਿਸੂ ਉੱਥੇ ਰਿਹਾ। ਉਸ ਨੇ ਰਾਤ ਜੈਤੂਨ ਦੇ ਪਹਾੜ ਥੱਲੇ ਬਿਤਾਈ (8:1),[49] ਜ਼ਾਹਿਰ ਹੈ ਕਿ ਆਪਣੇ ਚੇਲਿਆਂ ਵੱਲੋਂ ਬਣਾਏ ਗਏ ਕਿਸੇ ਆਸ਼ਰਮ ਵਿਚ, ਜਿਨ੍ਹਾਂ ਨੂੰ ਤਿਆਰੀ ਕਰਨ ਲਈ ਭੇਜਿਆ ਗਿਆ ਸੀ (ਲੂਕਾ 9:52)। ਅਗਲੀ ਸਵੇਰ ਉਹ ਹੈਕਲ ਵਿਚ ਆ ਕੇ ਉਪਦੇਸ਼ ਦੇ ਰਿਹਾ ਸੀ (ਯੂਹੰਨਾ 8:2, 20)। ਉਸ ਦੇ ਸੁਣਨ ਵਾਲੇ ਉੱਥੇ ਹੋਣਗੇ, ਜਿਹੜੇ ਯਰੂਸ਼ਲਮ ਵਿਚ ਰਹਿੰਦੇ ਸਨ, ਅਤੇ ਉਨ੍ਹਾਂ ਨਾਲ ਕਈ ਬਾਹਰੋਂ ਆਏ ਵੀ ਹੋਣਗੇ, ਜਿਹੜੇ ਗਏ ਨਹੀਂ ਸਨ।

ਉਸ ਨੂੰ ਉਸ ਦੇ ਦੁਸ਼ਮਣਾਂ ਰਾਹੀਂ ਵਿੱਚੋਂ ਰੋਕਿਆ ਗਿਆ, ਜੋ ‘‘ਇਕ ਔਰਤ ਨੂੰ ਲਿਆਏ, ਜਿਹੜੀ ... ਜ਼ਨਾਹ ਵੇਲੇ ਫੜੀ ਗਈ’’ (ਯੂਹੰਨਾ 8:3, 4) ਸੀ। ਉਨ੍ਹਾਂ ਉਸ ਨੂੰ ਆਖਿਆ, ‘‘ਮੂਸਾ ਨੇ ਤੁਰੇਤ ਵਿਚ ਸਾਨੂੰ ਹੁਕਮ ਦਿੱਤਾ ਕਿ ਜੋ ਇਹੋ ਜਿਹਿਆਂ ਨੂੰ ਪੱਥਰਾਂ ਨਾਲ ਮਾਰ ਸੁੱਟੋ: ਫੇਰ ਤੂੰ ਇਸ ਦੇ ਹੱਕ ਵਿਚ ਕੀ ਆਖਦਾ ਹੈਂ?’’ (8:5)। ਇਨ੍ਹਾਂ ਕਪਟੀਆਂ ਨੂੰ ਤੁਰੇਤ ਦੀ ਕੋਈ ਪਰਵਾਹ ਨਹੀਂ ਸੀ ਕਿਉਂਕਿ ਜੇ ਹੁੰਦੀ, ਤਾਂ ਉਹ ਆਦਮੀ ਨੂੰ ਵੀ ਲਿਆਉਂਦੇ, ਜਿਹੜਾ ਉਸ ਨਾਲ ਜ਼ਨਾਹ ਕਰ ਰਿਹਾ ਸੀ। ਤੁਰੇਤ ਵਿਚ ਕਿਹਾ ਗਿਆ ਸੀ ਕਿ ਤੀਵੀਂ ਅਤੇ ਮਰਦ ਦੋਹਾਂ ਨੂੰ ਪੱਥਰ ਮਾਰੇ ਜਾਣ (ਲੇਵੀਆਂ ਦੀ ਪੋਥੀ 20:10; ਵਿਵਸਥਾਸਾਰ 22:22)। ਉਨ੍ਹਾਂ ਨੂੰ ਇਨਸਾਫ਼ ਜਾਂ ਖ਼ੁਦਾ ਦਾ ਹੁਕਮ ਮੰਨਣ ਦੀ ਚਿੰਤਾ ਨਹੀਂ ਸੀ; ਉਨ੍ਹਾਂ ਦੀ ਦਿਲਚਸਪੀ ਤਾਂ ਯਿਸੂ ਨੂੰ ਘੇਰਨ ਵਿਚ ਸੀ (ਯੂਹੰਨਾ 8:6)।

ਮਸੀਹ ਨੇ ਉਨ੍ਹਾਂ ਨੂੰ ਕਿਹਾ, ‘‘ਜਿਹੜਾ ਤੁਹਾਡੇ ਵਿੱਚੋਂ ਨਿਰਦੋਸ਼ ਹੋਵੇ ਉਹ ਪਹਿਲਾਂ ਉਸ ਨੂੰ ਪੱਥਰ ਮਾਰੇ’’ (8:7)। ਫਿਰ ਯਿਸੂ ਹੇਠਾਂ ਨਿਉਂ ਕੇ ਉਂਗਲੀ ਨਾਲ ਜ਼ਮੀਨ ਤੇ ਲਿਖਣ ਲਗ ਪਿਆ[50] (8:8)। ਉਸ ਦੇ ਉੱਠਣ ਤਕ ਦੋਸ਼ ਲਾਉਣ ਵਾਲੇ ਸਭ ਜਾ ਚੁੱਕੇ ਸਨ (8:9, 10)।

ਯਿਸੂ ਨੇ ਪੁੱਛਿਆ, ‘‘ਹੇ ਤ੍ਰੀਮਤ, ਉਹ ਕਿੱਥੇ ਗਏ? ਕੀ ਕਿਸੇ ਨੇ ਤੇਰੇ ਉੱਤੇ ਸਜ਼ਾ ਦਾ ਹੁਕਮ ਨਹੀਂ ਦਿੱਤਾ?’’ (8:10)। ਉਹ ਬੋਲੀ, ‘‘ਪ੍ਰਭੂ ਜੀ, ਕਿਸੇ ਵੀ ਨਹੀਂ’’ (8:11)। ਫਿਰ ਮਸੀਹ ਨੇ ਆਖਿਆ ‘‘ਮੈਂ ਵੀ ਨਹੀਂ ਦਿੰਦਾ। ਜਾਹ, ਏਦੋਂ ਅੱਗੇ ਫੇਰ ਪਾਪ ਨਾ ਕਰੀਂ’’ (8:11)। ਧਾਰਿਮਕ ਆਗੂਆਂ ਨੇ ਪਾਪੀ ਨਾਲ ਬੇਇੱਜ਼ਤੀ ਵਾਲਾ ਵਿਹਾਰ ਕੀਤਾ ਸੀ। ਤੁਰੇਤ ਪਾਪੀ ਨੂੰ ਮੌਤ ਦੀ ਸਜ਼ਾ ਦਿੰਦੀ ਸੀ। ਪ੍ਰਭੂ ਪਾਪੀ ਨਾਲ ਇੱਜ਼ਤ ਨਾਲ ਪੇਸ਼ ਆਇਆ। ਉਸ ਨੇ ਉਸ ਦੇ ਪਾਪ ਨੂੰ ਅਣਡਿੱਠਾ ਨਹੀਂ ਕੀਤਾ (ਉਸ ਨੇ ਉਸ ਨੂੰ ‘‘ਏਦੋਂ ਅੱਗੇ ਫੇਰ ਪਾਪ ਨਾ ਕਰੀਂ’’ ਕਿਹਾ); ਪਰ ਉਸ ਤੇ ਕਿਰਪਾ ਕੀਤੀ, ਅਤੇ ਉਸ ਨੂੰ ਦੂਜਾ ਮੌਕਾ ਦਿੱਤਾ। ਸਾਡੇ ਵਿੱਚੋਂ ਹਰੇਕ ਨੂੰ ਕਿਰਪਾ ਅਤੇ ਮੌਕੇ ਦੀ ਲੋੜ ਹੈ ਜਾਂ ਨਹੀਂ?

## ਸਾਰ

ਇਸ ਪਾਠ ਵਿਚ ਜ਼ਿੰਦਗੀ ਬਦਲਣ ਵਾਲੇ ਸਿਧਾਂਤ ਹਨ। ਆਓ ਉਨ੍ਹਾਂ ਵਿੱਚੋਂ ਚਹੁੰ ਤੇ ਮੁੜ ਵਿਚਾਰ ਕਰਦੇ ਹਾਂ:

- ਜੇ ਯਿਸੂ ਖ਼ੁਦਾ ਨਹੀਂ ਹੈ, ਤਾਂ ਉਹ ਭਲਾ ਮਾਣਸ ਵੀ ਨਹੀਂ ਹੈ (ਯੂਹੰਨਾ 7:12)। ਹਰ

ਆਦਮੀ ਲਈ ਫੈਸਲਾ ਲੈਣਾ ਜ਼ਰੂਰੀ ਹੈ ਕਿ ਉਹ ਇਹ ਵਿਸ਼ਵਾਸ ਕਰੇ ਜਾਂ ਨਾ ਕਿ ਮਸੀਹ ਖ਼ੁਦਾ ਦਾ ਪੁੱਤਰ ਹੈ।

- ਯਿਸੂ ਸੁਰਗ ਵਿਚ ਆਪਣੇ ਪਿਤਾ ਕੋਲ ਵਾਪਸ ਪਰਤ ਗਿਆ ਹੈ; ਅਸੀਂ ਉਸ ਤੇ ਵਿਚਾਰ ਨਹੀਂ ਕਰਦੇ ਤਾਂ ਅਸੀਂ ਉੱਥੇ ਨਹੀਂ ਜਾ ਸਕਦੇ ਹਾਂ, ਜਿੱਥੇ ਉਹ ਹੈ (ਯੂਹੰਨਾ 7:33, 34; 8:21, 24)।
- ਜੇ ਅਸੀਂ ਯਿਸੂ ਵਿਚ ਨਿਹਚਾ ਧਾਰ ਕੇ ਉਸ ਦੀ ਇੱਛਾ ਪ੍ਰਤੀ ਸਮਰਪਿਤ ਹੋ ਜਾਂਦੇ ਹਾਂ, ਤਾਂ ਉਹ ਸਾਨੂੰ ਆਪਣਾ ਆਤਮਾ ਦੇਵੇਗਾ ਅਤੇ ਸਾਡੀਆਂ ਜ਼ਿੰਦਗੀਆਂ ਨੂੰ ਬਰਕਤਾਂ ਨਾਲ ਭਰਪੂਰ ਕਰੇਗਾ (ਯੂਹੰਨਾ 7:37–39; ਵੇਖੋ ਰਸੂਲਾਂ ਦੇ ਕੰਮ 2:38)।
- ਮਸੀਹੀ ਹੋਣ ਦੇ ਬਾਵਜੂਦ ਅਸੀਂ ਆਪਣੀਆ ਜ਼ਿੰਦਗੀਆਂ ਨੂੰ ਉਲਝਾ ਦਿੰਦੇ ਹਾਂ, ਤਾਂ ਉਹ ਸਾਨੂੰ ਇਕ ਹੋਰ ਮੌਕਾ ਦੇਵੇਗਾ (ਯੂਹੰਨਾ 8:11), ਜੇ ਅਸੀਂ ਪਛਤਾਵਾ ਕਰਦੇ ਹਾਂ ਤਾਂ ਦੁਆ ਦੇ ਰਾਹੀਂ ਉਸ ਕੋਲ ਆਈਏ (ਰਸੂਲਾਂ ਦੇ ਕੰਮ 8:22; 1 ਯੂਹੰਨਾ 1:9)।

ਜੇ ਅਜੇ ਤੁਸੀਂ ਆਪਣੇ ਪਿਛਲੇ ਪਾਪਾਂ ਤੋਂ ਬਚਾਏ ਜਾਣ ਲਈ ਬਪਤਿਸਮਾ ਲੈ ਕੇ ਮਸੀਹ ਵਿਚ ਆਪਣਾ ਵਿਸ਼ਵਾਸ ਨਹੀਂ ਵਿਖਾਇਆ (ਮਰਕੁਸ 16:15, 16) ਤਾਂ ਹੁਣੇ ਸਮਾਂ ਹੈ ਕਿ ਤੁਸੀਂ ਆਪਣਾ ਵਿਸ਼ਵਾਸ ਵਿਖਾਓ। ਜੇ ਤੁਸੀਂ ਖ਼ੁਦਾ ਦੀ ਬੇਪਰਤੀਤ ਸੰਤਾਨ ਹੋ ਤਾਂ ਘਰ ਵਾਪਸੀ ਦਾ ਸਮਾਂ ਹੁਣੇ ਹੈ। ਡੇਰਿਆਂ ਦੇ ਪਰਬ ਦੌਰਾਨ ਯਿਸੂ ਨੂੰ ਉਪਦੇਸ਼ ਦਿੰਦੇ ਹੋਏ ਸੁਣਨ ਵਾਲੇ ਬਹੁਤੇ ਲੋਕਾਂ ਨੇ ਛੁਟਕਾਰੇ ਦਾ ਮੌਕਾ ਗੁਆ ਲਿਆ ਸੀ; ਤੁਸੀਂ ਆਪਣਾ ਮੌਕਾ ਨਾ ਗੁਆਓ।

## ਨੋਟਸ

ਇਸ ਪਾਠ ਲਈ ਦਿੱਤੇ ਗਏ ਬਾਈਬਲ ਪਾਠ ਤੇ ਪ੍ਰਚਾਰ ਦੀਆਂ ਅਨੇਕਾਂ ਸੰਭਾਵਨਾਵਾਂ ਹਨ। ਬੇਸ਼ੱਕ ਤੁਹਾਨੂੰ ਸੰਭਾਵਨਾਵਾਂ ਮਿਲ ਜਾਣਗੀਆਂ ਲੂਕਾ 9:57–62 ਤੇ ਇਕ ਸਰਮਨ (''ਹੋਣ ਵਾਲੇ ਚੇਲੇ'') ਇਸ ਅਤੇ ਯੂਹੰਨਾ 7:37–39 ਤੇ ਅਧਾਰਿਤ ਹੈ।

ਬੇਸ਼ੱਕ ਤੁਹਾਨੂੰ ਸੰਭਾਵਨਾਵਾਂ ਮਿਲ ਜਾਣਗੀਆਂ। ਯੂਹੰਨਾ 7:46 ਤੇ ਕਈ ਟੈਕਸਚੁਅਲ ਸਰਮਨ ਲਏ ਗਏ ਹਨ: ''ਕਿਸੇ ਨੇ ਕਦੇ ਅਜਿਹਾ ਵਚਨ ਨਹੀਂ ਕੀਤਾ (KJV)।'' ਕਦੇ ਕਿਸੇ ਆਦਮੀ ਨੇ ਪਾਪ, ਮਸੀਹੀ ਜ਼ਿੰਦਗੀ, ਵਿਆਹ, ਬਚਾਏ ਜਾਣ ਅਤੇ ਨਰਕ ਤੇ ਯਿਸੂ ਵਾਂਗ ਨਹੀਂ ਦੱਸਿਆ।

---

ਟਿੱਪਣੀਆਂ

[1]ਮਸੀਹ ਦੀ ਜ਼ਿੰਦਗੀ ਦੀ ਇਕ ਸੰਖੇਪ ਰੂਪਰੇਖਾ *ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ਸਫ਼ਾ 20 ਤੇ ''ਇੰਜੀਲ ਦੇ ਵਿਰਤਾਂਤਾਂ ਵਿਚ ਵਰਤੀ ਗਈ ਸਮੱਗਰੀ'' ਚਾਰਟ ਵਿਚ ਦਿੱਤੀ ਗਈ ਹੈ। [2]''ਉੱਪਰ ਉਠਾਇਆ ਜਾਣਾ'' ਸ਼ਬਦ ਵਿਚ ਉਸ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣਾ ਆ ਜਾਂਦਾ ਹੈ; ਧਰਤੀ ਤੇ ਆਪਣਾ ਮਿਸ਼ਨ ਪੂਰਾ ਕੀਤੇ ਬਗ਼ੈਰ ਸੁਰਗ ਵਿਚ ਉੱਪਰ ਉਠਾਏ ਜਾਣਾ ਨਹੀਂ ਹੋ ਸਕਦਾ ਸੀ। [3]ਇਸੇ ਘੁੰਮਣ ਘੇਰੀ ਵਿਚ ਇਕ ਛੋਟੀ ਛੱਲ ਨਾਲ ਸਮਝਾਇਆ ਜਾ ਸਕਦਾ ਹੈ, ਜਿਹੜਾ ਘੁੰਮਦਾ ਘੁੰਮਦਾ ਘੁੰਮਣ ਘੇਰੀ ਵਿਚ ਆਉਂਦਾ ਰਹਿੰਦਾ ਹੈ। [4]ਦ ਲਿਵਿੰਗ ਬਾਈਬਲ। [5]ਆਖ਼ਰੀ ਵਾਕ ਅੰਸ਼ ਜਦ ਕਿ ਚੰਗੀਆਂ ਹੱਥ ਲਿਖਤਾਂ ਵਿਚ ਨਹੀਂ ਮਿਲਦਾ ਹੈ, ਇਸ ਵਿਚ ਇਸ ਭਾਗ ਦੀ ਮੁੱਖ ਗੱਲ ਦਾ ਸੰਕੇਤ ਮਿਲਦਾ ਹੈ (ਇਕ ਤੁਲਨਾਤਮਕ ਵਾਕ ਅੰਸ਼ ਛੇ ਆਇਤਾਂ ਪਿੱਛੋਂ ਆਇਤ 21 ਵਿਚ ਮਿਲਦਾ ਹੈ।) ਪਰ ਇਹ ਸਮਝ ਲਓ ਕਿ ਕਿਉਂਕਿ ਇਹ ਵਾਕ ਅੰਸ਼ ਆਇਤ 15 ਵਿਚ ਨਹੀਂ ਮਿਲਦਾ ਹੈ, ਇਸ ਦੀ ਜਾਤੀ ਤੁਲਨਾ ਵਿਚ ਵਿਆਪਕ ਪ੍ਰਾਸੰਗਿਕਤਾ ਵੱਧ ਹੈ।

ਜਦੋਂ ਵੀ ਕੋਈ ਭਾਈ ਕਿਸੇ ਅਜਿਹੇ ਪਾਪ ਵਿਚ ਪਏ ਜਿਸ ਨਾਲ ਉਸ ਦੇ ਪ੍ਰਾਣ ਦਾ ਨੁਕਸਾਨ ਹੋ ਸਕਦਾ ਹੈ, ਤਾਂ ਸਾਡੇ ਵਿੱਚੋਂ ਹਰੇਕ ਦੀ ਜ਼ਿੰਮੇਵਾਰੀ ਹੈ ਕਿ ਪ੍ਰੇਮਪੂਰਵਕ ਉਸ ਕੋਲ ਜਾਵੇ। [6]ਪਹਾੜੀ ਉਪਦੇਸ਼ ਵਿਚ ਯਿਸੂ ਨੇ ਸਮਝਾਇਆ ਕਿ ਜੇ ਤੁਹਾਨੂੰ ਪਤਾ ਹੈ ਕਿ ਕਿਸੇ ਭਾਈ ਨੇ ਤੁਹਾਡੇ ਵਿਰੁੱਧ ਕੀ ਕੀਤਾ ਹੈ ਤਾਂ ਕੀ ਕਰਨਾ ਚਾਹੀਦਾ ਹੈ; ਉਸ ਕੋਲ ਜਾਓ (ਮੱਤੀ 5:23, 24)। ਜਿੱਥੇ ਉਹ ਇਹ ਗੱਲ ਕਰ ਰਿਹਾ ਸੀ ਕਿ ਜੇ ਤੁਸੀਂ ਕਿਸੇ ਭਾਈ ਦੇ ਵਿਰੁੱਧ ਕੁਝ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ: ਉਸ ਕੋਲ ਜਾਓ। ਜੇ ਝਗੜਾ ਕਰਨ ਵਾਲੇ ਦੋਵੇਂ ਪੱਖ ਮਸੀਹੀ ਲੋਕਾਂ ਵਾਂਗ ਕੰਮ ਕਰਨ ਤਾਂ ਉਹ ਦੋਵੇਂ ਹੀ ਜਾਣਗੇ ... ਅਤੇ ਰਾਹ ਵਿਚ ਕਿਤੇ ਇਕ ਦੂਜੇ ਨਾਲ ਮਿਲ ਜਾਣਗੇ। ਪਰ ਦੋਹਾਂ ਵਿਚ ਇਕ ਉਹ ਕੰਮ ਨਹੀਂ ਕਰਦਾ ਹੈ, ਜਿਹੜਾ ਉਹਨੂੰ ਕਰਨਾ ਚਾਹੀਦਾ ਹੈ, ਤਾ ਇਸ ਦਾ ਭਾਵ ਇਹ ਨਹੀਂ ਕਿ ਦੂਜਾ ਛੁੱਟ ਗਿਆ: ਤੁਸੀਂ ਗਲਤੀ ਕਰਨ ਵਾਲੇ ਹੋ ਜਾਂ ਕਿਸੇ ਨੇ ਤੁਹਾਡੇ ਨਾਲ ਮਾੜਾ ਕੀਤਾ ਹੈ, ਦੂਜੇ ਬੰਦੇ ਕੋਲ ਜਾ ਕੇ ਉਸ ਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ। [7]ਰੇਅਲ ਓਲਰ ਕੁਇੰਲਨ, ਟੈਕਸਸ ਵਿਚ ਕਈ ਸਾਲ ਤਕ ਬੋਲਜ਼ ਚਿਲਡਰਨ ਹੋਮ ਦਾ ਅਧਿਕਾਰੀ ਸੀ। ਮੈਂ ਉਸ ਨੂੰ ਬਹੁਤ ਪਹਿਲਾਂ ਮਿਡਵੈਸਟ ਸਿਟੀ, ਓਕਲਾਹੋਮਾ ਵਿਚ ਈਸਟਸਾਈਡ ਚਰਚ ਆਫ਼ ਕ੍ਰਾਈਸਟ ਵਿਚ ਇਹ ਕਹਿੰਦੇ ਹੋਏ ਸੁਣਿਆ ਸੀ। [8]ਅਗਲੀ ਆਇਤ ਤੋਂ ਸੰਕੇਤ ਮਿਲਦਾ ਹੈ ਕਿ ਉਹ ਸੁਣਨ ਲਈ ਹੀ ਨਹੀਂ ਜਾਂਦੇ। ਆਇਤ 17 ਆਖਦੀ ਹੈ ਕਿ ''ਜੇ ਉਹ ਉਨ੍ਹਾਂ ਦੀ ਵੀ ਨਾ ਮੰਨਣ'' ਜਿਸ ਦਾ ਅਰਥ ਇਹ ਹੋਇਆ ਕਿ ਉਹ ਉਸ ਲਾਲ ਗੱਲ ਕਰਕੇ ਝਗੜਾ ਕਰਨ ਵਾਲਿਆਂ ਵਿਚ ਸੁਲ੍ਹਾ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। [9]''ਕਲੀਸੀਆ''ਸ਼ਬਦ ਇੰਜੀਲ ਦੇ ਵਿਰਤਾਂਤਾਂ, ਮੱਤੀ 16 ਅਤੇ 18 ਵਿਚ ਸਿਰਫ਼ ਦੋ ਆਇਤਾਂ ਵਿਚ ਮਿਲਦਾ ਹੈ। ਇਸ ਸ਼ਬਦ ਦਾ ਪਹਿਲਾ ਅਰਥ ਵਿਸ਼ਵ ਵਿਆਪੀ ਕਲੀਸੀਆ ਲਈ ਹੈ। ਇਸ ਸ਼ਬਦ ਦਾ ਦੂਜਾ ਉਪਯੋਗ ਇਲਾਕਾਈ ਮੰਡਲੀ ਲਈ ਹੈ। [10]ਜੇ ਕਿਸੇ ਮੰਡਲੀ ਵਿਚ ਐਲਡਰ ਹਨ: ਤਾਂ ਉਨ੍ਹਾਂ ਨੂੰ ਮੰਡਲੀ ਦੀ ਰੂਹਾਨੀ ਭਲਿਆਈ ਨਾਲ ਜੁੜੇ ਸਭ ਮਾਮਲਿਆਂ ਵਿਚ ਅਗਵਾਈ ਕਰਨੀ ਚਾਹੀਦੀ ਹੈ।

[11]ਮੱਤੀ 18:15–17 ਤੋਂ ਕਲੀਸੀਆ ਦੇ ਅਨੁਸ਼ਾਸਨ ਬਾਰੇ ਸਵਾਲ ਉੱਠ ਸਕਦੇ ਹਨ। ਵਕਤ ਮਿਲੇ ਤਾਂ ਇਸ ਆਇਤ ਤੇ ਤੁਸੀਂ ਦੂਜੀ ਆਇਤ ਜਿਵੇਂ 1 ਕੁਰਿੰਥੀਆਂ 5 (ਵੇਖੋ 2 ਕੁਰਿੰਥੀਆਂ 2:4–11); 2 ਥੱਸਲੁਨੀਕੀਆਂ 3:6, 14, 15; 1 ਤਿਮੋਥਿਉਸ 5:20; ਰੋਮੀਆਂ 16:17 ਵੇਖ ਸਕਦੇ ਹੋ। [12]ਆਇਤ 19 ਵਾਲਾ ਵਾਅਦਾ ਮੱਤੀ 16:19 ਦੇ ਆਖ਼ਰੀ ਭਾਗ ਵਿਚ ਪਤਰਸ ਨਾਲ ਕੀਤਾ ਪਹਿਲਾ ਵਾਅਦਾ ਹੈ। ਮੱਤੀ 18:19 ਵਿਚ ਮਸੀਹ ਚੇਲਿਆਂ ਨਾਲ ਗੱਲ ਕਰ ਰਿਹਾ ਸੀ, ਇਸ ਕਰਕੇ ਬਹੁਤ ਟੀਕਾਕਾਰ ਇਸ ਵਾਅਦੇ ਨੂੰ ਸਿਰਫ਼ ਉਨ੍ਹਾਂ ਲਈ ਮੰਨਦੇ ਹਨ। ਪਰ ਸੰਦਰਭ ਕਲੀਸੀਆ ਦੇ ਅਨੁਸ਼ਾਸਨ ਦਾ ਵਿਸ਼ਾ ਹੋਣ ਕਰਕੇ ਇਸ ਦੀ ਪ੍ਰਾਸੰਗਿਕਤਾ ਮੰਡਲੀ ਦੇ ਕੰਮ ਨੂੰ ਮੰਨਿਆ ਜਾ ਸਕਦਾ ਹੈ। ਜੇ ਕੋਈ ਮੰਡਲੀ ਉਵੇਂ ਹੀ ਬੰਨ੍ਹਦੀ ਹੈ ਜਿਵੇਂ ਸੁਰਗ ਵਿਚ ''ਬੰਨ੍ਹਿਆ'' ਹੈ (ਭਾਵ ਉਹੀ ਕਰਦੀ ਹੈ, ਜਿਸ ਦੀ ਸੁਰਗ ਵਿਚ ਇਜਾਜ਼ਤ ਹੈ), ਤਾਂ ਉਨ੍ਹਾਂ ਦਾ ਕੰਮ ਖ਼ੁਦਾ ਨੂੰ ਭਾਉਂਦਾ ਹੈ। ਮੱਤੀ 18:19 ਤੋਂ ਸਾਨੂੰ ਇਸ ਵਾਅਦੇ ਦੇ ਤੌਰ ਤੇ ਨਹੀਂ ਲੈਣਾ ਚਾਹੀਦਾ ਕਿ ਦੋ ਮਸੀਹੀ ਜੋ ਵੀ ਮੰਗਣ ਖ਼ੁਦਾ ਉਨ੍ਹਾਂ ਲਈ ਕਰ ਦਵੇਗਾ (1 ਯੂਹੰਨਾ 5:14)। [13]ਇਹ ਤੱਥ ਕਿ ਪਤਰਸ ਨੇ ਇਹ ਸਵਾਲ ਪੁੱਛਿਆ, ਸਾਨੂੰ ਹੈਰਾਨ ਕਰਦਾ ਹੈ ਕਿ ਯਿਸੂ ਦੇ ਸੰਦੇਸ਼ ਤੋਂ ਪਹਿਲਾਂ ਹੋਣ ਵਾਲੀ ਬਹਿਸ ਵਿਚ ਇਹ ਅਲੋਚਨਾ ਦਾ ਕੇਂਦਰ ਨਾ ਬਣਿਆ ਹੋਵੇ। ਯੂਹੰਨਾ ਖ਼ਾਸ ਤੌਰ ਤੇ ਗਲੀਲ ਦੀ ਮਹਾਨ ਸੇਵਾ ਦੇ ਆਖ਼ਰੀ ਭਾਗ ਦੀ ਗੱਲ ਕਰ ਰਿਹਾ ਸੀ, ਪਰ ਉਸ ਦੇ ਸ਼ਬਦਾਂ ਨੂੰ ਉਸ ਪੂਰੀ ਸੇਵਕਾਈ ਨੂੰ ਸੰਖੇਪ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। [14]ਮੱਤੀ 18:21–35 ਤੇ ਵਿਸਤਾਰ ਨਾਲ ਅਧਿਐਨ ਲਈ *ਪ੍ਰਭੂ ਨਾਲ ਮੇਲ* ਕਿਤਾਬ ਵਿਚ ''ਸੱਤ ਦਾ ਸੱਤਰ ਵਾਰ'' ਪਾਠ ਵੇਖੋ। [15]*ਮਸੀਹ ਦੀ ਜ਼ਿੰਦਗੀ, 1,* ਕਿਤਾਬ ਵਿਚ ''ਮਸੀਹ ਆ ਰਿਹਾ ਹੈ'' ਅਤੇ *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਗਲੀਲ ਤੇ ਉੱਤਰ ਵਿਚ'' ਪਾਠ ਵੇਖੋ। [16]ਯੂਹੰਨਾ ਖ਼ਾਸ ਕਰਕੇ ਮਹਾਨ ਗਲੀਲੀ ਸੇਵਕਾਈ ਦੀ ਗੱਲ ਕਰ ਰਿਹਾ ਸੀ, ਪਰ ਉਸਦੇ ਸ਼ਬਦ ਉਸ ਸਾਰੀ ਸੇਵਕਾਈ ਦੇ ਸੰਖੇਪ ਲਈ ਵਰਤੇ ਜਾ ਸਕਦੇ ਹਨ। [17]NASB ਵਿਚ ''ਬੂਥਾਂ ਦੇ ਪਰਬ'' ਵਰਤਿਆ ਗਿਆ ਹੈ ਜੋ ਮੰਨਣਯੋਗ ਅਨੁਵਾਦ ਹੈ, ਪਰ ਮੈਂ ਵਧੇਰੇ ਪ੍ਰਚਲਿਤ ''ਡੇਰਿਆਂ ਦਾ ਪਰਬ'' ਦੀ ਵਰਤੋਂ ਕਰਦਾ ਹਾਂ। [18]*ਮਸੀਹ ਦੀ ਜ਼ਿੰਦਗੀ, 1* ਕਿਤਾਬ

ਵਿਚ ''ਯਹੂਦੀਆਂ ਦੇ ਪਰਬ'' ਚਾਰਟ ਵੇਖੋ।[19]ਇਸ ਪਰਬ ਤੇ ਹੋਰ ਜਾਣਕਾਰੀ ਲਈ ਇਸ ਕਿਤਾਬ ਵਿਚ ਅੱਗੇ ''ਹੋਣ ਵਾਲੇ ਚੇਲੇ'' ਪਾਠ ਵੇਖੋ।[20]ਇਹ ਮਤਰਏ ਭਰਾ ਸਨ, ਉਨ੍ਹਾਂ ਦੀ ਮਾਤਾ ਇਕ ਸੀ (ਮਰੀਅਮ), ਪਰ ਪਿਤਾ ਇਕ ਨਹੀਂ ਸੀ (ਯਿਸੂ ਦਾ ਪਿਤਾ ਖ਼ੁਦਾ ਸੀ ਉਨ੍ਹਾਂ ਦਾ ਪਿਤਾ ਯੂਸੁਫ਼ ਸੀ)। ਉਨ੍ਹਾਂ ਦੇ ਨਾਮ ਯਾਕੂਬ, ਯੂਸੁਫ਼, ਸ਼ਮਊਨ ਅਤੇ ਯਹੂਦਾਹ ਸਨ (ਮੱਤੀ 13:55; ਮਰਕੁਸ 6:3)।

[21]ਬਾਅਦ ਵਿਚ ਉਹ ਉਸ ਤੇ ਵਿਸ਼ਵਾਸ ਲਿਆਏ (ਰਸੂਲਾਂ ਦੇ ਕੰਮ 1:14; ਵੇਖੋ 1 ਕੁਰਿੰਥੀਆਂ 15:7); ਪਰ ਇਥੋਂ ਤਕ ਉਨ੍ਹਾਂ ਵਿਸ਼ਵਾਸ ਨਹੀਂ ਕੀਤਾ ਸੀ।[22]ਯਿਸੂ ਝੂਠ ਨਹੀਂ ਬੋਲਦਾ ਸੀ (ਵੇਖੋ ਯੂਹੰਨਾ 7:18)। ਉਹ ਸਚਿਆਈ ਦੀ ਮੂਰਤ ਸੀ ਅਤੇ ਹੈ (ਯੂਹੰਨਾ 14:6)।[23]ਡੇਰਿਆਂ ਦੇ ਪਰਬ ਨਾਲ ਜੁੜੀ ਇਕੋ ਇਕ ਲਿਖਤ ਅਚੰਭਾ ਕੰਮ ਅੰਨ੍ਹੇ ਆਦਮੀ ਨੂੰ ਚੰਗਾ ਕਰਨਾ ਹੈ (ਯੂਹੰਨਾ 9:1–41)।[24]ਕਈ ਯੂਨਾਨੀ ਸ਼ਬਦਾਂ ਦਾ ਅਨੁਵਾਦ ''ਸਮਾਂ'' ਹੋਇਆ ਹੈ; ਯੂਹੰਨਾ 7:6 ਵਿਚ ਵਰਤੇ ਸ਼ਬਦ ਦਾ ਮਤਲਬ ''ਸਹੀ ਸਮਾਂ'' ਹੋ ਸਕਦਾ ਹੈ।[25]ਅੰਗ੍ਰੇਜ਼ੀ ਦੇ KJV ਅਤੇ ਬਾਕੀ ਕਈ ਅਨੁਵਾਦਾਂ ਵਿਚ ''yet'' ਸ਼ਬਦ ਸ਼ਾਮਿਲ ਹੋ ਗਿਆ ਹੈ।[26]ਵਾਰੇਨ ਡਬਲਯੂ. ਵਿਅਸਰਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਜਿਲਦ 1 (ਵ੍ਹੀਟਨ, ਇਲਿਨੋਇਸ: ਕਿਤਾਬ, 1989), 315.[27]ਸਾਮਰੀਆ ਵਿੱਚੋਂ ਦੀ ਜਾਣ ਤੇ ਟਿੱਪਣੀਆਂ ਲਈ, *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''North to Galilee'' ਪਾਠ ਵੇਖੋ।[28]KJV ਵਿਚ ਜਿਵੇਂ ਏਲਿਆਸ *[ਏਲੀਯਾਹ]* ਨੇ ਕੀਤਾ'' ਹੈ। ਕਈਆਂ ਪੁਰਾਣੀਆਂ ਹੱਥ ਲਿਖਤਾਂ ਵਿਚ ਇਹ ਸ਼ਬਦ ਨਾ ਹੋਣ ਦੇ ਬਾਵਜੂਦ ਇਹ ਵਿਚਾਰ ਪਤਾ ਚੱਲਦਾ ਹੈ, ਜਿਹੜਾ ਯਾਕੂਬ ਤੇ ਯੂਹੰਨਾ ਦੇ ਮਨਾਂ ਵਿਚ ਹੋਵੇਗਾ। ਕੀ ਇਹ ਚੇਲੇ ਸੁਰਗ ਵਿੱਚੋਂ ਅੱਗ ਵਰ੍ਹਾ *ਸਕਦੇ* ਸਨ? ਅਸੀਂ ਨਹੀਂ ਜਾਣਦੇ ਹਾਂ, ਪਰ ਯਕੀਨਨ ਉਨ੍ਹਾਂ ਨੂੰ *ਜਾਪਿਆ* ਕਿ ਜੇ ਪ੍ਰਭੂ ਚਾਹੇ ਤਾਂ ਉਹ ਇਹ ਕਰ ਸਕਦੇ ਹਨ।[29]ਯਿਸੂ ਦੀ ਡਾਂਟ ਦੀ ਸੰਖੇਪ ਵਿਆਖਿਆ ਦੇ KJV ਦੇ ਸ਼ਬਦ ''ਮਨੁੱਖ ਦਾ ਪੁੱਤਰ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਨਾਸ ਕਰਨ ਨਹੀਂ ਸਗੋਂ ਬਚਾਉਣ ਆਇਆ ਹੈ'' ਹੈ। ਇਹ ਸ਼ਬਦ NASB ਵਿਚ ਬ੍ਰੈਕਟਾਂ ਵਿਚ ਮਿਲਦੇ ਹਨ, ਪਰ ਭਰੋਸੇਮੰਦ ਪੁਰਾਣੀਆਂ ਲਿਖਤਾਂ ਵਿਚ ਨਹੀਂ ਮਿਲਦੇ ਹਨ।[30]ਲੂਕਾ 9:57–62 ਤੇ ਵਿਸਤਾਰ ਨਾਲ ਅਧਿਐਨ ਲਈ ਇਸ ਕਿਤਾਬ ਵਿਚ ਅੱਗੇ ''ਹੋਣ ਵਾਲੇ ਚੇਲੇ'' ਪਾਠ ਵੇਖੋ।

[31]ਯਿਸੂ ਨੇ ਇਨ੍ਹਾਂ ਹੋਣ ਵਾਲੇ ਚੇਲਿਆਂ ਨੂੰ ਕੁਝ ਅਜਿਹਾ ਕਰਨ ਨੂੰ ਨਹੀਂ ਕਿਹਾ, ਜੋ ਉਹ ਖ਼ੁਦ ਨਾ ਕਰਦਾ ਹੋਵੇ। ਉਸ ਨੇ ਆਪਣਾ ਹੱਥ ਹਲ ਤੇ ਰੱਖ ਕੇ'' ਪਿੱਛੇ ਨਹੀਂ ਵੇਖਿਆ (ਲੂਕਾ 9:62)।[32]ਇਹ ਅਜੀਬ ਲਗ ਸਕਦਾ ਹੈ ਕਿਉਂਕਿ ਯਰੂਸ਼ਲਮ ਵਿਚ ਉਸ ਸਮੇਂ ਲਗਭਗ ਸਭ ਯਹੂਦੀ ਹੀ ਹੋਣਗੇ; ਪਰ ਆਇਤ 13 ਧਿਆਨ ਦੁਆਉਂਦੀ ਹੈ ਕਿ ਇੱਥੇ ਯਹੂਦੀ ਲੋਕ *''ਯਹੂਦੀਆਂ''* ਦੇ ਡਰ ਨਾਲ ਨਹੀਂ ਬੋਲਦੇ ਸਨ।[33]''ਪ੍ਰਧਾਨ ਯਾਜਕ'' ਆਮ ਕਰਕੇ ਸਦੂਕੀ ਹੀ ਹੁੰਦੇ ਸਨ।[34]ਲੋਕਾਂ ਨੇ ਜ਼ਾਹਿਰ ਹੈ ਕਿ ਗਲੀਲ ਵਿਚ ਉਸ ਦੇ ਕੀਤੇ ਮੋਅਜਜ਼ਿਆਂ ਬਾਰੇ ਸੁਣਿਆ ਹੋਵੇਗਾ। ਇਸ ਦੇ ਇਲਾਵਾ ਉਨ੍ਹਾਂ ਨੂੰ ਯਰੂਸ਼ਲਮ ਦੇ ਪਿਛਲੇ ਇਕ ਦੌਰੇ ਸਮੇਂ ਤਲਾਅ ਨੇੜੇ ਇਕ ਲੰਗੜੇ ਨੂੰ ਚੰਗਾ ਕਰਨ ਤੋਂ ਉੱਠਿਆ ਵਿਵਾਦ ਨਹੀਂ ਭੁੱਲਿਆ ਸੀ (ਯੂਹੰਨਾ 7:21–23; ਵੇਖੋ ਯੂਹੰਨਾ 5।[35]ਪਿਛਲਾ ਲਿਖਤ ਸਮਾਂ ਪਰਬ ਦੌਰਾਨ ਸੀ, ਜਦੋਂ ਯਿਸੂ ਨੇ ਇਕ ਲੰਗੜੇ ਨੂੰ ਚੰਗਾ ਕੀਤਾ ਸੀ (ਯੂਹੰਨਾ 5:1)।[36] ਵਚਨ ਇਹ ਨਹੀਂ ਆਖਦਾ ਕਿ ਯਿਸੂ ਯਰੂਸ਼ਲਮ ਵਿਚ ਪਹਿਲਾਂ ਪੁੱਜ ਚੁੱਕਾ ਸੀ ਜਾਂ ਨਹੀਂ। ਇਹ ਮੰਨਣਾ ਤਰਕਸੰਗਤ ਲਗਦਾ ਹੈ ਕਿ ਹੁਣੇ ਹੁਣੇ ਪਹੁੰਚਿਆ ਸੀ, ਜਦੋਂ ਹੈਕਲ ਵਿਚ ਗਿਆ।[37]ਉਹ ਸੁਲੇਮਾਨ ਦੇ ਦਲਾਨ ਵਿਚ ਗਿਆ ਹੋਵੇਗਾ (ਵੇਖੋ ਯੂਹੰਨਾ 10:23; ਰਸੂਲਾਂ ਦੇ ਕੰਮ 3:11)। ਕਈਆਂ ਦਾ ਮੰਨਣਾ ਹੈ ਕਿ ਯੂਹੰਨਾ 7:14, ਮਲਾਕੀ 3:1 ਦਾ ਪੂਰਾ ਹੋਣਾ ਹੀ ਹੈ।[38]ਯਿਸੂ ਦੀ ਸਿੱਖਿਆ ਆਮ ਕਰਕੇ ਲੋਕਾਂ ਨੂੰ ਹੈਰਾਨ ਕਰ ਦੇਣ ਵਾਲੀ ਹੁੰਦੀ ਸੀ (ਵੇਖੋ ਮੱਤੀ 7:28, 29; 22:33; ਮਰਕੁਸ 1:22; ਯੂਹੰਨਾ 7:46)।[39]ਨਾਸਰਤ ਵਿਚ ਯਿਸੂ ਨਾਲ ਲੋਕਾਂ ਦੀ ਪ੍ਰਤੀਕਿਰਿਆ ਦੇ ਢੰਗ ਤੇ ਵਿਚਾਰ ਕਰੋ (ਮੱਤੀ 13:54)।[40]ਯਹੂਦੀ ਨਰ ਬੱਚਿਆਂ ਦੀ ਅਠਵੇਂ ਦਿਨ ਸੁੰਨਤ ਕੀਤੀ ਜਾਂਦੀ ਸੀ (ਲੇਵੀਆਂ ਦੀ ਪੋਥੀ 12:3), ਉਹ ਅਠਵਾਂ ਦਿਨ ਭਾਵੇਂ ਸੱਬਤ ਨੂੰ ਕਿਉਂ ਨਾ ਪੈਂਦਾ ਹੋਵੇ।

[41]ਯਿਸੂ ਆਪਣੇ ਵਾਕ ਵਿਚ ਸਖ਼ਤਾਈ ਨਹੀਂ ਵਰਤ ਰਿਹਾ ਸੀ ''ਤੁਸੀਂ ਮੈਨੂੰ ਜਾਣਦੇ ਹੋ ਅਤੇ ਇਹ ਵੀ

ਜਾਣਦੇ ਹੋ ਕਿ ਮੈਂ ਕਿੱਥੋਂ ਹਾਂ'' (ਯੂਹੰਨਾ 7:28)। [42]ਆਇਤ 35 ਆਖਦੀ ਹੈ, ''... ਕਿ ਉਹ ਉਨ੍ਹਾਂ ਕੋਲ ਜਾਊ ਜਿਹੜੇ ਯੂਨਾਨੀਆਂ ਵਿਚ ਖਿੰਡੇ ਹੋਏ ਹਨ ਅਤੇ ਯੂਨਾਨੀਆਂ ਨੂੰ ਉਪਦੇਸ ਕਰੂ?'' ''ਖਿੰਡੇ ਹੋਏ'' ਗੈਰ ਕੌਮ ਪਿੰਡੇ ਹੋਏ ਯਹੂਦੀ ਲੋਕਾਂ ਲਈ ਸਪਤਤੀ ਅਨੁਵਾਦ ਵਿਚ ਵਰਤਿਆ ਯੂਨਾਨੀ ਸ਼ਬਦ ਹੈ। [43]ਮੂਲ ਲਿਖਤ ਵਿਚ ''ਪੇਟ'' ਹੈ (KJV) ਪਰ ''ਅੰਦਰੋਂ'' ਗੱਲ ਸਾਫ਼ ਹੋ ਜਾਂਦੀ ਹੈ। [44]37–39 ਆਇਤਾਂ ਦੇ ਵਿਸਥਾਰ ਨਾਲ ਅਧਿਐਨ ਲਈ, ਇੰਜੀਲ ਵਿਚ ਅੱਗੇ ''ਜ਼ਿੰਦਗੀ ਦਾ ਪਾਣੀ'' ਪਾਠ ਵੇਖੋ। [45]ਉਨ੍ਹਾਂ ਕਿਹਾ ਕਿ ਭੀੜ ਨੂੰ ਤੁਰੇਤ ਦੀ ਜਾਣਕਾਰੀ ਨਹੀਂ ਸੀ ਉਨ੍ਹਾਂ ਭੀੜ ਦੇ ਲੋਕਾਂ ਲਈ ਇਹ ਵੀ ਆਖਿਆ ਕਿ ਉਹ ''ਸਰਾਪੀ'' ਸਨ। ਤੁਰੇਤ ਮੁਤਾਬਿਕ ਖ਼ੁਦਾ ਦੇ ਹੁਕਮ ਦੀ ਉਲੰਘਣਾ ਕਰਨ ਵਾਲੇ ਸਰਾਪੀ ਹਨ (ਵੇਖੋ ਵਿਵਸਥਾਸਾਰ 27:26)। ਹਾਕਮ ਮੁਤਅੱਸਬ ਕਰ ਕੇ ਵੀ ਅੰਨ੍ਹੇ ਸਨ, ਜਿਸ ਨਾਲ ਉਨ੍ਹਾਂ ਨੂੰ ਨਜ਼ਰ ਆਉਂਦਾ ਕਿ ਹੁਕਮ ਨਾ ਮੰਨਣ ਵਾਲੇ ਵਿਸ਼ਵਾਸੀਆਂ ਨੂੰ ਨਹੀਂ ਸਗੋਂ ਉਨ੍ਹਾਂ ਨੂੰ ਆਖਿਆ ਗਿਆ ਹੈ। [46]ਘੱਟੋ ਘੱਟ ਇਕ ਨਬੀ ਗਲੀਲੀ ਵਿੱਚੋਂ ਲਿਕਲਿਆ ਸੀ: ਯੂਨਾਹ (2 ਰਾਜਿਆਂ 14:25)। ਫਰੀਸੀਆਂ ਨੇ ਪੁਰਾਣੇ ਨੇਮ ਪ੍ਰਤੀ ਅਤੇ ਯਿਸੂ ਦੇ ਮੂਲ ਸਥਾਨ ਸਬੰਧੀ ਆਪਣੀ ਅਗਿਆਨਤਾ ਵਿਖਾਈ ਸੀ। ਬਾਅਦ ਵਿਚ ਯੂਹੰਨਾ 9:29 ਵਿਚ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਸਨੇ ਕਿੱਥੋਂ ਆਉਣਾ ਸੀ। [47]ਨਿਕੁਦੇਮਸ ਨੇ ਆਪਣੇ ਵਿਸ਼ਵਾਸ ਦਾ ਇਕਰਾਰ ਨਹੀਂ ਕੀਤਾ ਸੀ, ਪਰ ਲੋਕਾਂ ਵਿਚ ਪ੍ਰਭੂ ਲਈ ਖੜਾ ਤਾਂ ਹੋ ਗਿਆ ਸੀ। ਉਸ ਨੇ ਯੂਹੰਨਾ 3 ਵਿਚ ਆਪਣੀ ਪ੍ਰਤੀਕਿਰਿਆ ਮਗਰੋਂ ਵਿਸ਼ਵਾਸ ਨੂੰ ਕਾਫ਼ੀ ਵਧਾ ਲਿਆ ਸੀ। [48]ਇਸੇ ਦੌਰਾਨ ਪਰਮੇਸ਼ੁਰ ਦੇ ਉਪਾਅ ਨਾਲ ਉਸ ਦੀ ਰਾਖੀ ਕੀਤੀ ਗਈ ਸੀ। ਇਸ ਮੌਕੇ ਯਿਸੂ ਦੇ ਦੁਸ਼ਮਣ ਇਸ ਤੱਥ ਤੋਂ ਨਰਾਜ਼ ਹੋ ਗਏ ਕਿ ਭੀੜ ਦੇ ਕੁਝ ਲੋਕ ਉਸ ਵਿਚ ਵਿਸ਼ਵਾਸ ਲਿਆਏ ਸੀ। [49]ਜੈਤੂਨ ਪਹਾੜ ਕਿਦ੍ਰੋਨ ਨਾਮਕ ਨਾਲੇ ਦੇ ਪਾਰ ਨਗਰ ਦੇ ਪੂਰਬ ਵਿਚ ਸੀ। [50]ਬਾਈਬਲ ਸਾਫ਼ ਨਹੀਂ ਦੱਸਦੀ ਕਿ ਉਸ ਨੇ ਕੀ ਲਿਖਿਆ ਇਸ ਕਰਕੇ ਅਨੁਮਾਨ ਲਾਉਣਾ ਵਿਅਰਥ ਹੈ।